
# ਨੌਜਵਾਨ ਪੁੱਛਦੇ ਹਨ

## ਮੈਨੂੰ ਸੋਸ਼ਲ ਨੈੱਟਵਰਕਿੰਗ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ? ਪਹਿਲਾ ਭਾਗ



*"ਮੇਰੇ ਕੁਝ ਦੋਸਤ ਦੂਜੇ ਦੇਸ਼ਾਂ ਵਿਚ ਰਹਿੰਦੇ ਹਨ ਅਤੇ ਮੈਂ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਸੋਸ਼ਲ ਨੈੱਟਵਰਕ ਵਰਤਦੀ ਹਾਂ। ਭਾਵੇਂ ਕਿ ਉਹ ਮੈਥੋਂ ਦੂਰ ਹਨ, ਫਿਰ ਵੀ ਮੈਂ ਉਨ੍ਹਾਂ ਨਾਲ ਨੈੱਟਵਰਕ ਰਾਹੀਂ ਗੱਲ ਕਰ ਸਕਦੀ ਹਾਂ।" —ਸਿਮਰਨ, 17.**

*"ਮੇਰੇ ਖ਼ਿਆਲ ਵਿਚ ਸੋਸ਼ਲ ਨੈੱਟਵਰਕਿੰਗ ਉੱਤੇ ਸਮਾਂ ਬਰਬਾਦ ਹੁੰਦਾ ਹੈ। ਆਲਸੀ ਲੋਕ ਨੈੱਟਵਰਕ 'ਤੇ ਗੱਲ ਕਰਦੇ ਹਨ। ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਦੋਸਤੀ ਬਣੀ ਰਹੇ, ਤਾਂ ਤੁਹਾਨੂੰ ਦੂਜਿਆਂ ਨਾਲ ਆਹਮੋ-ਸਾਮ੍ਹਣੇ ਗੱਲ ਕਰਨ ਦੀ ਲੋੜ ਹੈ।"—ਗੁਰਦੀਪ, 19.*

* ਇਸ ਲੇਖ ਵਿਚ ਕੁਝ ਨਾਂ ਬਦਲੇ ਗਏ ਹਨ।

ਉੱਪਰ ਦੱਸੇ ਕਿਹੜੇ ਵਿਚਾਰ ਨਾਲ ਤੁਹਾਡੇ ਵਿਚਾਰ ਮਿਲਦੇ-ਜੁਲਦੇ ਹਨ? ਤੁਹਾਡਾ ਜੋ ਵੀ ਵਿਚਾਰ ਹੋਵੇ, ਪਰ ਇਕ ਗੱਲ ਪੱਕੀ ਹੈ ਕਿ ਸੋਸ਼ਲ ਨੈੱਟਵਰਕਿੰਗ ਬਹੁਤ ਜ਼ਿਆਦਾ ਮਸ਼ਹੂਰ ਹੋ ਗਿਆ ਹੈ।* ਇਸ ਗੱਲ ਵੱਲ ਧਿਆਨ ਦਿਓ ਕਿ 5 ਕਰੋੜ ਲੋਕਾਂ ਤਕ ਪਹੁੰਚਣ ਲਈ ਰੇਡੀਓ ਨੂੰ 38 ਸਾਲ, ਟੈਲੀਵਿਜ਼ਨ ਨੂੰ 13 ਸਾਲ ਅਤੇ ਇੰਟਰਨੈੱਟ ਨੂੰ 4 ਸਾਲ ਲੱਗੇ ਹਨ। ਪਰ ਸਿਰਫ਼ 12 ਮਹੀਨਿਆਂ ਵਿਚ ਫੇਸਬੁੱਕ ਨਾਂ ਦੀ ਸੋਸ਼ਲ ਨੈੱਟਵਰਕਿੰਗ ਸਾਈਟ ਦੇ 20 ਕਰੋੜ ਮੈਂਬਰ ਬਣੇ ਹਨ!

ਹੇਠਾਂ ਲਿਖੀ ਗੱਲ 'ਤੇ ਨਿਸ਼ਾਨ ਲਾਓ ਕਿ ਉਹ ਸੱਚੀ ਹੈ ਜਾਂ ਝੂਠੀ:

ਸੋਸ਼ਲ ਨੈੱਟਵਰਕਿੰਗ ਸਾਈਟ ਵਰਤਣ ਵਾਲੇ ਜ਼ਿਆਦਾਤਰ ਅੱਲ੍ਹੜ ਉਮਰ ਦੇ ਮੁੰਡੇ-ਕੁੜੀਆਂ ਹੁੰਦੇ ਹਨ। __ **ਸੱਚੀ** __ **ਝੂਠੀ**

ਜਵਾਬ: *ਝੂਠੀ।* ਇਹ ਮਸ਼ਹੂਰ ਸੋਸ਼ਲ ਨੈੱਟਵਰਕਿੰਗ ਸਾਈਟ ਵਰਤਣ ਵਾਲੇ ਦੋ ਤਿਹਾਈ ਲੋਕ 25 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ। 2009 ਵਿਚ ਉਨ੍ਹਾਂ ਲੋਕਾਂ ਦੀ *ਗਿਣਤੀ ਵਿਚ ਜ਼ਿਆਦਾ ਵਾਧਾ* ਹੋਇਆ ਸੀ ਜਿਨ੍ਹਾਂ ਦੀ ਉਮਰ 55 ਸਾਲ ਤੋਂ ਜ਼ਿਆਦਾ ਸੀ!

* ਸੋਸ਼ਲ ਨੈੱਟਵਰਕ ਅਜਿਹੀ ਵੈੱਬ-ਸਾਈਟ ਹੈ ਜਿੱਥੇ ਹਰ ਮੈਂਬਰ ਆਪਣਾ-ਆਪਣਾ ਅਕਾਊਂਟ ਖੋਲ੍ਹ ਕੇ ਆਪਣੇ ਦੋਸਤਾਂ ਨਾਲ ਗੱਲਬਾਤ ਕਰ ਸਕਦਾ ਹੈ।

ਫਿਰ ਵੀ ਲੱਖਾਂ ਹੀ ਨੌਜਵਾਨ ਸੋਸ਼ਲ ਨੈੱਟਵਰਕ ਸਾਈਟ ਦੇ ਮੈਂਬਰ ਹਨ ਅਤੇ ਕਈ ਸਿਰਫ਼ ਇਸ ਸਹੂਲਤ ਨੂੰ ਹੀ ਦੂਜਿਆਂ ਨਾਲ ਗੱਲਬਾਤ ਕਰਨ ਲਈ ਵਰਤਦੇ ਹਨ। ਜੈਸਿਕਾ ਨਾਂ ਦੀ ਕੁੜੀ ਕਹਿੰਦੀ ਹੈ: "ਮੈਂ ਆਪਣੇ ਅਕਾਊਂਟ ਨੂੰ ਬੰਦ ਕਰ ਦਿੱਤਾ। ਪਰ ਕੋਈ ਵੀ ਮੇਰੇ ਨਾਲ ਗੱਲਬਾਤ ਕਰਨ ਲਈ ਮੈਨੂੰ ਫ਼ੋਨ ਨਹੀਂ ਸੀ ਕਰਦਾ, ਇਸ ਲਈ ਮੈਂ ਦੁਬਾਰਾ ਅਕਾਊਂਟ ਖੋਲ੍ਹ ਲਿਆ। ਇਸ ਤਰ੍ਹਾਂ ਲੱਗਦਾ ਹੈ ਕਿ ਲੋਕ ਤੁਹਾਨੂੰ ਭੁੱਲ ਜਾਂਦੇ ਹਨ ਜੇ ਤੁਸੀਂ ਸੋਸ਼ਲ ਨੈੱਟਵਰਕ ਸਾਈਟ ਦੇ ਮੈਂਬਰ ਨਹੀਂ ਹੋ!"

**ਲੋਕ ਸੋਸ਼ਲ ਨੈੱਟਵਰਕਿੰਗ ਨੂੰ ਕਿਉਂ ਪਸੰਦ ਕਰਦੇ ਹਨ?** ਇਸ ਦਾ ਜਵਾਬ ਸਿੱਧਾ ਹੈ: ਕੁਦਰਤੀ ਹੈ ਕਿ ਇਨਸਾਨ ਇਕ-ਦੂਜੇ ਨਾਲ ਗੱਲਬਾਤ ਕਰਨੀ ਚਾਹੁੰਦੇ ਹਨ। ਅਤੇ ਸੋਸ਼ਲ ਨੈੱਟਵਰਕਿੰਗ ਦਾ ਇਹੋ ਹੀ ਮਕਸਦ ਹੈ। ਧਿਆਨ ਦਿਓ ਕਿ ਬਹੁਤ ਸਾਰੇ ਇਸ ਸਾਈਟ ਦੇ ਮੈਂਬਰ ਕਿਉਂ ਬਣਦੇ ਹਨ।

### 1. ਸਹੂਲਤ

*"ਆਪਣੇ ਦੋਸਤਾਂ-ਮਿੱਤਰਾਂ ਨਾਲ ਗੱਲਬਾਤ ਕਰਨ ਲਈ ਸਮਾਂ ਕੱਢਣਾ ਸੌਖਾ ਨਹੀਂ ਹੁੰਦਾ, ਪਰ ਜਦੋਂ ਉਹ ਸਾਰੇ ਇਕ ਸਾਈਟ ਦੇ ਮੈਂਬਰ ਹੁੰਦੇ ਹਨ, ਤਾਂ ਇਹ ਕੰਮ ਆਸਾਨ ਹੋ ਜਾਂਦਾ ਹੈ।"—ਲੀਆ, 20.*



JATTSITE.COM



## 5 ਕਰੋੜ ਲੋਕਾਂ ਤਕ ਪਹੁੰਚਣ ਲਈ ਰੇਡੀਓ ਨੂੰ 38 ਸਾਲ ਲੱਗੇ



## ਹਾਲ ਹੀ ਵਿਚ ਸਿਰਫ਼ ਇਕ ਸਾਲ ਦੌਰਾਨ ਫੇਸਬੁੱਕ ਨਾਂ ਦੀ ਸੋਸ਼ਲ ਨੈੱਟਵਰਕਿੰਗ ਸਾਈਟ ਦੇ 20 ਕਰੋੜ ਮੈਂਬਰ ਬਣ ਗਏ

*"ਜਦੋਂ ਮੈਂ ਆਪਣੇ ਵਿਚਾਰ ਪੋਸਟ ਕਰਦੀ ਹਾਂ, ਤਾਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਮੈਂ ਆਪਣੇ ਸਾਰੇ ਦੋਸਤਾਂ ਨੂੰ ਇੱਕੋ ਵਾਰ ਈ-ਮੇਲ ਭੇਜੀ ਹੈ।"—ਕ੍ਰਿਸ਼ਮਾ, 20.*

### 2. ਹਾਣੀਆਂ ਦਾ ਦਬਾਅ

*"ਮੈਨੂੰ ਕੁਝ ਮੁੰਡੇ-ਕੁੜੀਆਂ ਪੁੱਛਦੇ ਰਹਿੰਦੇ ਹਨ ਕਿ ਮੈਂ ਉਨ੍ਹਾਂ ਦੀ ਫਰੈਂਡਸ਼ਿਪ ਲਿਸਟ ਵਿਚ ਆਪਣਾ ਨਾਂ ਸ਼ਾਮਲ ਕਰਾਂ, ਪਰ ਅਕਾਊਂਟ ਨਾ ਹੋਣ ਕਰਕੇ ਮੈਂ ਇੱਦਾਂ ਕਰ ਨਹੀਂ ਸਕਦੀ।"—ਨਤਾਸ਼ਾ, 22.*

*"ਜਦੋਂ ਮੈਂ ਲੋਕਾਂ ਨੂੰ ਦੱਸਦੀ ਹਾਂ ਕਿ ਮੈਂ ਅਕਾਊਂਟ ਨਾ ਖੋਲ੍ਹਣ ਦਾ ਫ਼ੈਸਲਾ ਕੀਤਾ ਹੈ, ਤਾਂ ਉਹ ਮੇਰੇ ਵੱਲ ਇੱਦਾਂ ਦੇਖਦੇ ਹਨ ਜਿਵੇਂ ਮੈਂ ਪਾਗਲ ਹੋਵਾਂ?"—ਮੋਨੀਕਾ, 18.*

### 3. ਮੀਡੀਆ ਦਾ ਦਬਾਅ

*"ਮੀਡੀਆ ਇਹ ਮੈਸਿਜ ਫੈਲਾਉਂਦਾ ਹੈ ਕਿ ਜੇ ਤੁਸੀਂ ਲੋਕਾਂ ਨਾਲ ਕਨੈਕਟਿਡ ਨਹੀਂ ਰਹਿੰਦੇ, ਤਾਂ ਤੁਹਾਡਾ ਕੋਈ ਵੀ ਦੋਸਤ ਨਹੀਂ ਹੋਵੇਗਾ। ਦੋਸਤਾਂ ਤੋਂ ਬਗੈਰ ਜ਼ਿੰਦਗੀ ਬੇਕਾਰ ਹੈ। ਇਸ ਲਈ ਜੇ ਤੁਸੀਂ ਸੋਸ਼ਲ ਨੈੱਟਵਰਕ ਨਹੀਂ ਵਰਤਦੇ, ਤਾਂ ਤੁਹਾਡੀ ਕੋਈ ਅਹਿਮੀਅਤ ਹੀ ਨਹੀਂ ਹੈ।"—ਕਟਰੀਨਾ, 18.*

### 4. ਸਕੂਲ

*"ਮੇਰੇ ਸਕੂਲ ਦੇ ਟੀਚਰ ਸੋਸ਼ਲ ਨੈੱਟਵਰਕ ਸਾਈਟ ਵਰਤਦੇ ਹਨ। ਕੁਝ ਟੀਚਰ ਸਾਨੂੰ ਇਹ ਦੱਸਣ ਲਈ ਮੈਸਿਜ ਪੋਸਟ ਕਰਦੇ ਹਨ ਕਿ ਸਾਡਾ ਟੈੱਸਟ ਕਦੋਂ ਹੈ। ਜੇ ਮੈਨੂੰ ਹਿਸਾਬ ਦਾ ਕੋਈ ਸਵਾਲ ਸਮਝ ਨਹੀਂ ਆਉਂਦਾ, ਤਾਂ ਮੈਂ ਆਪਣੇ ਟੀਚਰ ਦੀ ਵੌਲ ਯਾਨੀ ਪੇਜ ਉੱਤੇ ਮੈਸਿਜ ਪੋਸਟ ਕਰ ਦਿੰਦੀ ਹਾਂ, ਤਾਂ ਉਹ ਆਨ-ਲਾਈਨ ਮੇਰੀ ਮਦਦ ਕਰਦਾ ਹੈ।"—ਮਰੀਨਾ, 17.*

### 5. ਕੰਮ

*"ਨੌਕਰੀ ਲੱਭਣ ਵੇਲੇ ਕੁਝ ਲੋਕ ਦੂਜਿਆਂ ਨਾਲ ਗੱਲਬਾਤ ਕਰਨ ਲਈ ਸੋਸ਼ਲ ਨੈੱਟਵਰਕ ਦੀ ਵਰਤੋਂ ਕਰਦੇ ਹਨ। ਕਈ ਵਾਰ ਇਸ ਤਰ੍ਹਾਂ ਕਰਨ ਨਾਲ ਨੌਕਰੀ ਲੱਭਣ ਵਿਚ ਉਨ੍ਹਾਂ ਦੀ ਮਦਦ ਹੁੰਦੀ ਹੈ।"—ਪ੍ਰਿਯਾ, 20.*

*"ਮੈਂ ਆਪਣੇ ਕੰਮ ਲਈ ਨੈੱਟਵਰਕਿੰਗ ਸਾਈਟ ਦੀ ਵਰਤੋਂ ਕਰਦਾ ਹਾਂ। ਇਸ ਤਰ੍ਹਾਂ ਗਾਹਕ ਮੇਰੇ ਨਵੇਂ ਗ੍ਰਾਫਿਕ-ਡੀਜ਼ਾਈਨ ਪ੍ਰਾਜੈਕਟਾਂ ਨੂੰ ਦੇਖ ਸਕਦੇ ਹਨ।"—ਡੇਵਿਡ, 21.*

**ਕੀ ਤੁਹਾਨੂੰ ਸੋਸ਼ਲ ਨੈੱਟਵਰਕਿੰਗ ਅਕਾਊਂਟ ਖੋਲ੍ਹਣਾ ਚਾਹੀਦਾ ਹੈ?** ਜੇ ਤੁਸੀਂ ਘਰ ਰਹਿੰਦੇ ਹੋ, ਤਾਂ ਇਹ ਫ਼ੈਸਲਾ ਤੁਹਾਡੇ ਮਾਤਾ-ਪਿਤਾ ਨੂੰ ਕਰਨ ਦੀ ਲੋੜ ਹੈ।* (ਕਹਾਉਤਾਂ 6:20) ਜੇ ਤੁਹਾਡੇ ਮਾਤਾ-ਪਿਤਾ ਨਹੀਂ ਚਾਹੁੰਦੇ ਕਿ ਤੁਸੀਂ ਅਕਾਊਂਟ ਖੋਲ੍ਹੋ, ਤਾਂ ਤੁਹਾਨੂੰ ਉਨ੍ਹਾਂ ਦਾ ਕਹਿਣਾ ਮੰਨਣਾ ਚਾਹੀਦਾ ਹੈ।—ਅਫ਼ਸੀਆਂ 6:1.

ਦੂਜੇ ਪਾਸੇ, ਕੁਝ ਮਾਤਾ-ਪਿਤਾ ਆਪਣੇ ਸਮਝਦਾਰ ਬੱਚਿਆਂ ਨੂੰ ਸੋਸ਼ਲ ਨੈੱਟਵਰਕਿੰਗ ਸਾਈਟ ਦੇ ਮੈਂਬਰ ਬਣਨ ਦੀ ਇਜਾਜ਼ਤ ਦੇ ਦਿੰਦੇ ਹਨ ਅਤੇ ਉਨ੍ਹਾਂ 'ਤੇ ਨਿਗਰਾਨੀ ਰੱਖਦੇ ਹਨ। ਜੇ ਤੁਹਾਡੇ ਮਾਤਾ-ਪਿਤਾ ਨੇ ਇਸ ਤਰ੍ਹਾਂ ਕੀਤਾ ਹੈ, ਤਾਂ ਕੀ ਉਹ ਤੁਹਾਡੇ ਨਿੱਜੀ ਮਾਮਲਿਆਂ ਵਿਚ ਦਖ਼ਲ ਦੇ ਰਹੇ ਹਨ? ਬਿਲਕੁਲ ਨਹੀਂ! ਭਾਵੇਂ ਸੋਸ਼ਲ ਨੈੱਟਵਰਕ ਸਾਈਟ ਬਹੁਤ ਫ਼ਾਇਦੇਮੰਦ ਹੋ ਸਕਦੀ ਹੈ, ਫਿਰ ਵੀ ਤੁਹਾਡੇ ਮਾਤਾ-ਪਿਤਾ ਦੀ ਇਹ ਚਿੰਤਾ ਜਾਇਜ਼ ਹੈ ਕਿ ਤੁਸੀਂ ਇਸ ਨੂੰ ਕਿਵੇਂ ਵਰਤੋਗੇ। ਅਸਲ ਵਿਚ ਸੋਸ਼ਲ ਨੈੱਟਵਰਕਿੰਗ ਸਾਈਟ, ਇੰਟਰਨੈੱਟ ਦੀਆਂ ਦੂਜੀਆਂ ਸਾਈਟਾਂ ਵਾਂਗ ਖ਼ਤਰਿਆਂ ਤੋਂ ਖਾਲੀ ਨਹੀਂ। ਜੇ ਤੁਹਾਡੇ ਮਾਤਾ-ਪਿਤਾ ਤੁਹਾਨੂੰ ਅਕਾਊਂਟ ਖੋਲ੍ਹਣ ਲਈ ਇਜਾਜ਼ਤ ਦੇ ਦੇਣ, ਤਾਂ ਤੁਸੀਂ ਇਨ੍ਹਾਂ ਖ਼ਤਰਿਆਂ ਤੋਂ ਕਿਵੇਂ ਬਚ ਸਕਦੇ ਹੋ?

### ਸਾਵਧਾਨੀ ਨਾਲ "ਚਲਾਓ"

ਇੰਟਰਨੈੱਟ ਵਰਤਣ ਦੀ ਤੁਲਨਾ ਕਾਰ ਚਲਾਉਣ ਨਾਲ ਕੀਤੀ ਜਾ ਸਕਦੀ ਹੈ। ਤੁਸੀਂ ਸ਼ਾਇਦ ਦੇਖਿਆ ਹੋਵੇਗਾ ਕਿ ਜਿਨ੍ਹਾਂ ਕੋਲ ਲਸੰਸ ਹੈ, ਉਨ੍ਹਾਂ ਵਿੱਚੋਂ ਸਾਰੇ ਖ਼ਿਆਲ ਨਾਲ ਗੱਡੀ ਨਹੀਂ ਚਲਾਉਂਦੇ। ਸੱਚ ਤਾਂ ਇਹ ਹੈ ਕਿ ਬਹੁਤ ਸਾਰੇ ਲੋਕ ਲਾਪਰਵਾਹੀ ਨਾਲ ਗੱਡੀ ਚਲਾਉਣ ਕਰਕੇ ਭਿਆਨਕ ਹਾਦਸਿਆਂ ਦੇ ਸ਼ਿਕਾਰ ਹੋਏ ਹਨ।

ਇਹ ਗੱਲ ਇੰਟਰਨੈੱਟ ਵਰਤਣ ਵਾਲਿਆਂ ਬਾਰੇ ਵੀ ਸੱਚ ਹੈ। ਕੁਝ ਸਾਵਧਾਨੀ ਨਾਲ "ਚਲਾਉਂਦੇ" ਹਨ ਤੇ ਕੁਝ ਲਾਪਰਵਾਹੀ ਨਾਲ। ਜੇ ਤੁਹਾਡੇ ਮਾਤਾ-ਪਿਤਾ ਤੁਹਾਨੂੰ ਸੋਸ਼ਲ ਨੈੱਟਵਰਕਿੰਗ ਅਕਾਊਂਟ ਖੋਲ੍ਹਣ ਦੀ ਇਜਾਜ਼ਤ ਦਿੰਦੇ ਹਨ, ਤਾਂ ਉਹ ਤੁਹਾਡੇ 'ਤੇ ਭਰੋਸਾ ਕਰਦੇ ਹਨ ਕਿ ਤੁਸੀਂ ਇੰਟਰਨੈੱਟ ਦੇ ਇਸ ਖ਼ਤਰਨਾਕ ਹਿੱਸੇ ਨੂੰ ਚੰਗੀ ਤਰ੍ਹਾਂ ਵਰਤੋਗੇ। ਕੀ ਤੁਸੀਂ ਸਾਵਧਾਨੀ ਨਾਲ ਇੰਟਰਨੈੱਟ "ਚਲਾਉਂਦੇ" ਹੋ? ਕੀ ਤੁਸੀਂ ਸਾਬਤ ਕੀਤਾ ਹੈ ਕਿ ਤੁਸੀਂ 'ਬੁੱਧ ਤੇ ਸੂਝ ਨੂੰ ਆਪਣੇ ਤੋਂ ਵੱਖ ਨਹੀਂ ਹੋਣ ਦਿੱਤਾ'?—ਕਹਾਉਤਾਂ 3:21, *CL*.

ਹੁਣ ਅਸੀਂ ਇਸ ਲੇਖ ਵਿਚ ਸੋਸ਼ਲ ਨੈੱਟਵਰਕਿੰਗ ਦੇ ਦੋ ਪਹਿਲੂਆਂ ਬਾਰੇ ਗੱਲ ਕਰਾਂਗੇ ਜਿਨ੍ਹਾਂ ਵੱਲ ਤੁਹਾਨੂੰ ਖ਼ਾਸ ਧਿਆਨ ਦੇਣ ਦੀ ਲੋੜ

---

*ਜਾਗਰੂਕ ਬਣੋ! ਰਸਾਲਾ ਸੁਝਾਅ ਨਹੀਂ ਦਿੰਦਾ ਕਿ ਤੁਹਾਨੂੰ ਕਿਹੜੀ ਨੈੱਟਵਰਕ ਸਾਈਟ ਵਰਤਣੀ ਜਾਂ ਨਹੀਂ ਵਰਤਣੀ ਚਾਹੀਦੀ। ਮਸੀਹੀਆਂ ਨੂੰ ਧਿਆਨ ਰੱਖਣ ਦੀ ਲੋੜ ਹੈ ਕਿ ਇੰਟਰਨੈੱਟ ਵਰਤਦਿਆਂ ਉਹ ਬਾਈਬਲ ਦੇ ਕਿਸੇ ਵੀ ਸਿਧਾਂਤ ਦੇ ਖ਼ਿਲਾਫ਼ ਨਾ ਜਾਣ।—1 ਤਿਮੋਥਿਉਸ 1:5, 19.

JATTSITE.COM

ਹੈ—ਤੁਹਾਡੀ ਪ੍ਰਾਈਵੇਸੀ ਅਤੇ ਤੁਹਾਡਾ ਸਮਾਂ। ਅਗਲੇ "ਨੌਜਵਾਨ ਪੁੱਛਦੇ ਹਨ" ਲੇਖ ਵਿਚ ਅਸੀਂ ਤੁਹਾਡੀ ਨੇਕਨਾਮੀ ਅਤੇ ਤੁਹਾਡੀ ਦੋਸਤੀ ਜਾਂ ਫਰੈਂਡਸ਼ਿਪ ਬਾਰੇ ਗੱਲ ਕਰਾਂਗੇ।

## ਤੁਹਾਡੀ ਪ੍ਰਾਈਵੇਸੀ

ਜਦੋਂ ਸੋਸ਼ਲ ਨੈੱਟਵਰਕਿੰਗ ਦੀ ਗੱਲ ਆਉਂਦੀ ਹੈ, ਤਾਂ ਤੁਸੀਂ ਸ਼ਾਇਦ ਆਪਣੀ ਨਿੱਜੀ ਜਾਣਕਾਰੀ ਦੀ ਰੱਖਿਆ ਕਰਨ ਬਾਰੇ ਨਾ ਸੋਚੋ। ਸੋਸ਼ਲ ਨੈੱਟਵਰਕਿੰਗ ਦਾ ਇਹੀ ਤਾਂ ਮਕਸਦ ਹੈ ਕਿ ਅਸੀਂ ਦੂਸਰਿਆਂ ਵੱਲ ਦੋਸਤੀ ਦਾ ਹੱਥ ਵਧਾਈਏ। ਪਰ ਫਿਰ ਵੀ ਜੇ ਤੁਸੀਂ ਸਾਵਧਾਨ ਨਾ ਰਹੋ, ਤਾਂ ਤੁਸੀਂ ਖ਼ਤਰੇ ਵਿਚ ਪੈ ਸਕਦੇ ਹੋ।

ਮਿਸਾਲ ਲਈ, ਫ਼ਰਜ਼ ਕਰੋ ਕਿ ਤੁਹਾਡੇ ਕੋਲ ਬਹੁਤ ਸਾਰੇ ਪੈਸੇ ਹਨ। ਕੀ ਤੁਸੀਂ ਆਪਣੇ ਦੋਸਤਾਂ ਨਾਲ ਸੜਕ ਤੇ ਜਾਂਦੇ ਹੋਏ, ਸਾਰਿਆਂ ਨੂੰ ਦਿਖਾਓਗੇ ਕਿ ਤੁਹਾਡੇ ਕੋਲ ਕਿੰਨਾ ਪੈਸਾ ਹੈ? ਇੱਦਾਂ ਕਰਨਾ ਮੂਰਖਪੁਣਾ ਹੋਵੇਗਾ। ਤੁਹਾਡੇ ਤੋਂ ਕੋਈ ਵੀ ਪੈਸਾ ਲੁੱਟ ਕੇ ਲਿਜਾ ਸਕਦਾ ਹੈ! ਅਕਲਮੰਦੀ ਦੀ ਗੱਲ ਇਹ ਹੋਵੇਗੀ ਕਿ ਤੁਸੀਂ ਆਪਣੇ ਪੈਸੇ ਲੁਕੋ ਕੇ ਰੱਖੋ।

ਆਪਣੀ ਨਿੱਜੀ ਜਾਣਕਾਰੀ ਨੂੰ ਆਪਣੇ ਪੈਸੇ ਵਾਂਗ ਸਮਝੋ। ਹੁਣ ਹੇਠਾਂ ਦਿੱਤੀ ਲਿਸਟ ਨੂੰ ਦੇਖੋ ਅਤੇ ਉਨ੍ਹਾਂ ਗੱਲਾਂ 'ਤੇ ਨਿਸ਼ਾਨ ਲਗਾਓ ਜੋ ਤੁਸੀਂ ਕਿਸੇ ਅਜਨਬੀ ਨੂੰ ਨਹੀਂ ਦੱਸਣੀਆਂ ਚਾਹੁੰਦੇ।

**__ ਮੇਰੇ ਘਰ ਦਾ ਪਤਾ**
**__ ਮੇਰਾ ਈ-ਮੇਲ**
**__ ਮੈਂ ਕਿਹੜੇ ਸਕੂਲ ਜਾਂਦਾ**
**__ ਮੈਂ ਕਦੋਂ ਘਰ ਹੁੰਦਾ**
**__ ਜਦੋਂ ਕੋਈ ਘਰ ਨਹੀਂ ਹੁੰਦਾ**
**__ ਮੇਰੀਆਂ ਫੋਟੋਆਂ**
**__ ਮੇਰੇ ਵਿਚਾਰ**
**__ ਮੇਰੀ ਪਸੰਦ ਅਤੇ ਸ਼ੌਕ**

ਭਾਵੇਂ ਕਿ ਤੁਸੀਂ ਦੁਨੀਆਂ ਦੇ ਸਭ ਤੋਂ ਮਿਲਣਸਾਰ ਇਨਸਾਨ ਹੋ, ਪਰ ਕੋਈ ਸ਼ੱਕ ਨਹੀਂ ਕਿ ਤੁਸੀਂ ਸਹਿਮਤ ਹੋਵੋਗੇ ਕਿ ਉੱਪਰ ਦਿੱਤੀਆਂ ਗੱਲਾਂ ਵਿੱਚੋਂ ਕੁਝ ਗੱਲਾਂ ਤੁਹਾਨੂੰ ਅਜਨਬੀਆਂ ਨੂੰ ਨਹੀਂ ਦੱਸਣੀਆਂ ਚਾਹੀਦੀਆਂ। ਪਰ ਬਹੁਤ ਸਾਰੇ ਨੌਜਵਾਨਾਂ ਅਤੇ ਸਿਆਣਿਆਂ ਨੇ ਵੀ ਅਣਜਾਣੇ ਵਿਚ ਅਜਨਬੀਆਂ ਨਾਲ ਇਹ ਗੱਲਾਂ ਸਾਂਝੀਆਂ ਕੀਤੀਆਂ ਹਨ! ਤੁਸੀਂ ਇਸ ਫੰਦੇ ਤੋਂ ਕਿਵੇਂ ਬਚ ਸਕਦੇ ਹੋ?



*ਇੰਟਰਨੈੱਟ 'ਤੇ ਤੁਹਾਡੀਆਂ ਨਿੱਜੀ ਗੱਲਾਂ 'ਪ੍ਰਾਈਵੇਟ' ਨਹੀਂ ਰਹਿੰਦੀਆਂ*

ਜੇ ਤੁਹਾਡੇ ਮਾਤਾ-ਪਿਤਾ ਤੁਹਾਨੂੰ ਅਕਾਊਂਟ ਖੋਲ੍ਹਣ ਦੀ ਇਜਾਜ਼ਤ ਦੇ ਦੇਣ, ਤਾਂ ਤੁਹਾਨੂੰ ਇਸ ਦੀਆਂ ਪ੍ਰਾਈਵੇਸੀ ਸੈਟਿੰਗਜ਼ ਨਾਲ ਪੂਰੀ ਤਰ੍ਹਾਂ ਵਾਕਫ਼ ਹੋਣ ਅਤੇ ਇਨ੍ਹਾਂ ਨੂੰ ਵਰਤਣ ਦੀ ਲੋੜ ਹੈ। ਨਿੱਜੀ ਜਾਣਕਾਰੀ ਦੀ ਰੱਖਿਆ ਕਰਨ ਦੀ ਗੱਲ ਨੈੱਟਵਰਕਿੰਗ ਸਾਈਟ ਉੱਤੇ ਨਾ ਛੱਡੋ। ਜੇ ਤੁਸੀਂ ਪ੍ਰਾਈਵੇਸੀ ਸੈਟਿੰਗਜ਼ ਨਹੀਂ ਕਰਦੇ, ਤਾਂ ਕੰਪਿਊਟਰ ਖ਼ੁਦ ਆਪਣੇ ਪ੍ਰੋਗ੍ਰਾਮ ਦੇ ਹਿਸਾਬ ਨਾਲ ਸੈਟਿੰਗਜ਼ ਕਰ ਦੇਵੇਗਾ ਜਿਸ ਨਾਲ ਸ਼ਾਇਦ ਜ਼ਿਆਦਾ ਲੋਕਾਂ ਨੂੰ ਤੁਹਾਡੇ ਪੇਜ ਨੂੰ ਦੇਖਣ ਅਤੇ ਉਸ ਉੱਤੇ ਆਪਣੇ ਵਿਚਾਰ ਪੋਸਟ ਕਰਨ ਦਾ ਮੌਕਾ ਮਿਲ ਜਾਵੇਗਾ। ਇਸ ਲਈ ਅਮਨ ਨਾਂ ਦੀ ਕੁੜੀ ਨੇ ਖ਼ੁਦ ਆਪਣੀਆਂ ਪ੍ਰਾਈਵੇਸੀ ਸੈਟਿੰਗਜ਼ ਕੀਤੀਆਂ ਤਾਂਕਿ ਸਿਰਫ਼ ਉਸ ਦੇ ਨਜ਼ਦੀਕੀ ਦੋਸਤ ਉਸ ਦੀਆਂ ਪੋਸਟ ਕੀਤੀਆਂ ਗੱਲਾਂ ਪੜ੍ਹ ਸਕਣ। ਉਹ ਕਹਿੰਦੀ ਹੈ: "ਮੇਰੇ ਕੁਝ ਦੋਸਤਾਂ ਦੇ ਦੋਸਤ ਹਨ ਜਿਨ੍ਹਾਂ ਨੂੰ ਮੈਂ ਨਹੀਂ ਜਾਣਦੀ। ਮੈਂ ਨਹੀਂ ਚਾਹੁੰਦੀ ਕਿ ਉਹ ਅਜਨਬੀ ਮੇਰੇ ਵਿਚਾਰ ਪੜ੍ਹਨ।"

ਭਾਵੇਂ ਤੁਸੀਂ ਸਿਰਫ਼ ਆਪਣੇ ਨਜ਼ਦੀਕੀ ਦੋਸਤਾਂ ਨਾਲ ਗੱਲ ਕਰਦੇ ਹੋ, ਫਿਰ ਵੀ ਤੁਹਾਨੂੰ ਧਿਆਨ ਰੱਖਣ ਦੀ ਲੋੜ ਹੈ। 21 ਸਾਲ ਦੀ ਕਿਰਨ ਦੱਸਦੀ ਹੈ: "ਤੁਸੀਂ ਆਪਣੇ ਦੋਸਤਾਂ ਦੇ ਵਿਚਾਰਾਂ ਦੇ ਆਦੀ ਹੋ ਜਾਂਦੇ ਹੋ। ਇਸ ਲਈ ਤੁਸੀਂ ਹੱਦੋਂ ਵੱਧ ਆਪਣੇ ਬਾਰੇ ਜਾਣਕਾਰੀ ਪੋਸਟ ਕਰਨ ਲੱਗ ਪੈਂਦੇ ਹੋ।"

ਹਮੇਸ਼ਾ ਯਾਦ ਰੱਖੋ ਕਿ ਇੰਟਰਨੈੱਟ ਉੱਤੇ ਤੁਹਾਡੀ ਨਿੱਜੀ ਜਾਣਕਾਰੀ 'ਪ੍ਰਾਈਵੇਟ' ਨਹੀਂ ਰਹਿੰਦੀ। ਕਿਉਂ? ਗਵੇਨ ਸ਼ੋਰਗਨ ਓਕੀਫ ਨੇ *ਸਾਈਬਰਸੇਫ* ਨਾਂ ਦੀ ਆਪਣੀ ਕਿਤਾਬ ਵਿਚ ਕਿਹਾ: "ਵੱਡੀਆਂ ਵੈੱਬ-ਸਾਈਟਾਂ ਕੰਪਿਊਟਰ ਵਿਚ ਪਾਈ ਜਾਂਦੀ ਜਾਣਕਾਰੀ ਦੀ ਕਾਪੀ ਕਰ ਲੈਂਦੀਆਂ ਹਨ। ਜੋ ਅਸੀਂ ਇੰਟਰਨੈੱਟ 'ਤੇ ਪਾਉਂਦੇ ਹਾਂ, ਉਸ ਗੱਲ ਦੀ ਕਿਤੇ ਨਾ ਕਿਤੇ ਕਾਪੀ ਕੀਤੀ ਗਈ ਹੁੰਦੀ ਹੈ। ਜੇ ਅਸੀਂ ਇਸ ਗੱਲ ਨੂੰ ਨਹੀਂ ਮੰਨਦੇ, ਤਾਂ ਅਸੀਂ ਆਪਣੇ ਆਪ ਨੂੰ ਧੋਖਾ ਦੇ ਰਹੇ ਹੋਵਾਂਗੇ।"

## ਤੁਹਾਡਾ ਸਮਾਂ

ਨਾ ਸਿਰਫ਼ ਤੁਹਾਡੀ ਪ੍ਰਾਈਵੇਸੀ, ਸਗੋਂ ਤੁਹਾਡੇ ਸਮੇਂ ਦੀ ਤੁਲਨਾ ਵੀ ਪੈਸੇ ਨਾਲ ਕੀਤੀ ਜਾ ਸਕਦੀ ਹੈ। ਕਹਿਣ ਦਾ ਭਾਵ ਹੈ ਕਿ ਤੁਹਾਨੂੰ ਆਪਣੇ ਸਮੇਂ ਨੂੰ ਖ਼ਿਆਲ ਨਾਲ ਵਰਤਣ ਦੀ ਲੋੜ ਹੈ। (ਉਪਦੇਸ਼ਕ ਦੀ ਪੋਥੀ 3:1) ਸੋਸ਼ਲ ਨੈੱਟਵਰਕਿੰਗ ਦੇ ਨਾਲ-ਨਾਲ ਇੰਟਰਨੈੱਟ ਦੀ *ਕਿਸੇ ਵੀ* ਸਾਈਟ ਦੇਖਣ ਵੇਲੇ ਇਹ ਸਭ ਤੋਂ ਵੱਡੀ ਚੁਣੌਤੀ ਸਾਬਤ ਹੁੰਦੀ ਹੈ।*


*"ਮੈਂ ਕਈ ਵਾਰ ਕਹਿੰਦੀ ਹਾਂ ਕਿ 'ਮੈਂ ਸਿਰਫ਼ ਇਕ ਮਿੰਟ ਵਾਸਤੇ ਇੰਟਰਨੈੱਟ ਵਰਤਾਂਗੀ।' ਪਰ ਇਕ ਘੰਟੇ ਬਾਅਦ ਵੀ ਮੈਂ ਆਨ-ਲਾਈਨ ਹੁੰਦੀ ਹਾਂ।"—ਅੰਜੂ, 18.*

*"ਮੈਂ ਇੰਟਰਨੈੱਟ ਦੀ ਆਦੀ ਹੋ ਚੁੱਕੀ ਸੀ। ਜਦੋਂ ਵੀ ਮੈਂ ਸਕੂਲੋਂ ਘਰ ਆਉਂਦੀ ਸੀ, ਤਾਂ ਮੈਂ ਘੰਟਿਆਂ-ਬੱਧੀ ਚੈੱਕ ਕਰਦੀ ਰਹਿੰਦੀ ਸੀ ਕਿ ਲੋਕਾਂ ਨੇ ਮੇਰੀਆਂ ਪੋਸਟ ਕੀਤੀਆਂ ਗੱਲਾਂ ਬਾਰੇ ਕੀ ਕਿਹਾ ਹੈ ਅਤੇ ਮੈਂ ਉਨ੍ਹਾਂ ਦੇ ਪੋਸਟ ਕੀਤੇ ਵਿਚਾਰ ਪੜ੍ਹਦੀ ਸੀ।"—ਸੀਮਾ, 16.*

---

* ਹੋਰ ਜਾਣਕਾਰੀ ਲਈ ਅਪ੍ਰੈਲ-ਜੂਨ 2011 ਦੇ *ਜਾਗਰੂਕ ਬਣੋ!* ਵਿਚ "ਨੌਜਵਾਨ ਪੁੱਛਦੇ ਹਨ . . . ਕੀ ਮੈਂ ਤਕਨਾਲੋਜੀ ਦੇ ਜਾਲ ਵਿਚ ਫੱਸਿਆ ਹੋਇਆ ਹਾਂ?" ਨਾਂ ਦਾ ਲੇਖ ਦੇਖੋ। ਸਫ਼ਾ 18 'ਤੇ "ਮੈਂ ਆਨ-ਲਾਈਨ ਸੋਸ਼ਲ ਨੈੱਟਵਰਕ ਦੀ ਸ਼ਿਕਾਰ ਬਣੀ" ਨਾਂ ਦੀ ਡੱਬੀ ਵੱਲ ਖ਼ਾਸ ਧਿਆਨ ਦਿਓ।

JATTSITE.COM



*ਸਮਾਂ ਪੈਸੇ ਦੀ ਤਰ੍ਹਾਂ ਹੈ। ਜੇ ਤੁਸੀਂ ਇੱਕੋ ਵਾਰ ਇਸ ਨੂੰ ਖ਼ਰਚ ਲਓ, ਤਾਂ ਲੋੜ ਪੈਣ ਤੇ ਤੁਹਾਡੇ ਕੋਲ ਕੁਝ ਨਹੀਂ ਬਚੇਗਾ*

*"ਮੈਂ ਆਪਣੇ ਮੋਬਾਇਲ ਤੋਂ ਇੰਟਰਨੈੱਟ ਦੇਖ ਸਕਦੀ ਸੀ, ਇਸ ਲਈ ਮੈਂ ਇਸ ਨੂੰ ਸਕੂਲ ਜਾਂਦਿਆਂ, ਸਕੂਲ ਹੁੰਦਿਆਂ ਅਤੇ ਘਰ ਆਉਂਦਿਆਂ ਦੇਖਦੀ ਸੀ। ਫਿਰ ਘਰ ਆ ਕੇ ਮੈਂ ਕੰਪਿਊਟਰ ਦੇ ਮੂਹਰੇ ਬੈਠ ਜਾਂਦੀ ਸੀ। ਮੈਨੂੰ ਪਤਾ ਸੀ ਕਿ ਮੈਨੂੰ ਇਸ ਦੀ ਆਦਤ ਪੈ ਗਈ ਸੀ, ਪਰ ਮੈਂ ਹਟਣਾ ਨਹੀਂ ਸੀ ਚਾਹੁੰਦੀ!"—ਰਿਐਨ, 17.*

ਜੇ ਤੁਹਾਡੇ ਮਾਤਾ-ਪਿਤਾ ਤੁਹਾਨੂੰ ਸੋਸ਼ਲ ਨੈੱਟਵਰਕ ਸਾਈਟ ਵਰਤਣ ਦੀ ਇਜਾਜ਼ਤ ਦਿੰਦੇ ਹਨ, ਤਾਂ ਸੋਚੋ ਹਰ ਰੋਜ਼ ਇਸ 'ਤੇ ਕਿੰਨਾ ਸਮਾਂ ਲਾਉਣਾ ਠੀਕ ਹੋਵੇਗਾ। ਇਕ ਮਹੀਨੇ ਵਾਸਤੇ ਦੇਖੋ ਕਿ ਤੁਸੀਂ ਕਿੰਨਾ ਸਮਾਂ ਕਿਸੇ ਸੋਸ਼ਲ ਨੈੱਟਵਰਕਿੰਗ ਸਾਈਟ 'ਤੇ ਲਾਉਂਦੇ ਹੋ ਅਤੇ ਦੇਖੋ ਕਿ ਤੁਸੀਂ ਆਪਣੇ ਤੈਅ ਕੀਤੇ ਗਏ ਸਮੇਂ ਤੋਂ ਜ਼ਿਆਦਾ ਸਮਾਂ ਤਾਂ ਨਹੀਂ ਲਾ ਰਹੇ। ਯਾਦ ਰੱਖੋ ਕਿ ਤੁਹਾਡਾ ਸਮਾਂ ਤੁਹਾਡੇ ਪੈਸੇ ਵਾਂਗ ਕੀਮਤੀ ਹੈ। ਇਸ ਲਈ ਸੋਸ਼ਲ ਨੈੱਟਵਰਕ ਉੱਤੇ ਆਪਣਾ ਸਾਰਾ ਸਮਾਂ ਬਰਬਾਦ ਨਾ ਕਰੋ ਕਿਉਂਕਿ ਜ਼ਿੰਦਗੀ ਵਿਚ ਸੋਸ਼ਲ ਨੈੱਟਵਰਕਿੰਗ ਤੋਂ ਇਲਾਵਾ ਹੋਰ ਵੀ ਬਹੁਤ ਜ਼ਰੂਰੀ ਗੱਲਾਂ ਹਨ!—ਅਫ਼ਸੀਆਂ 5:15, 16; ਫ਼ਿਲਿੱਪੀਆਂ 1:10.

ਕੁਝ ਨੌਜਵਾਨਾਂ ਨੇ ਅਜਿਹੇ ਕਦਮ ਚੁੱਕੇ ਹਨ ਤਾਂਕਿ ਉਹ ਆਪਣਾ ਸਾਰਾ ਸਮਾਂ ਬਰਬਾਦ ਨਾ ਕਰਨ। ਮਿਸਾਲ ਲਈ, ਇਨ੍ਹਾਂ ਗੱਲਾਂ ਵੱਲ ਧਿਆਨ ਦਿਓ:

*"ਮੈਂ ਆਪਣਾ ਅਕਾਊਂਟ ਬੰਦ ਕਰ ਕੇ ਦੇਖਿਆ ਕਿ ਮੇਰਾ ਕਿੰਨਾ ਸਮਾਂ ਬਚ ਜਾਂਦਾ ਸੀ। ਮੈਂ ਹੁਣ ਇੰਟਰਨੈੱਟ ਦੀ ਗ਼ੁਲਾਮ ਨਹੀਂ ਰਹੀ! ਕੁਝ ਹੀ ਸਮਾਂ ਪਹਿਲਾਂ ਮੈਂ ਦੁਬਾਰਾ ਆਪਣਾ ਅਕਾਊਂਟ ਖੋਲ੍ਹ ਲਿਆ, ਪਰ ਹੁਣ ਮੈਂ ਆਪਣੇ 'ਤੇ ਪੂਰਾ ਕੰਟ੍ਰੋਲ ਰੱਖਦੀ ਹਾਂ। ਕਈ-ਕਈ ਦਿਨ ਮੈਂ ਇੰਟਰਨੈੱਟ 'ਤੇ ਆਪਣੇ ਪੇਜ ਨੂੰ ਚੈੱਕ ਨਹੀਂ ਕਰਦੀ। ਕਈ ਵਾਰ ਤਾਂ ਮੈਂ ਚੈੱਕ ਕਰਨਾ ਬਿਲਕੁਲ ਹੀ ਭੁੱਲ ਜਾਂਦੀ ਹਾਂ। ਜੇ ਮੈਨੂੰ ਸੋਸ਼ਲ ਨੈੱਟਵਰਕਿੰਗ ਦੀ ਦੁਬਾਰਾ ਆਦਤ ਪੈ ਗਈ, ਤਾਂ ਮੈਂ ਆਪਣੇ ਅਕਾ-ਊਂਟ ਨੂੰ ਬੰਦ ਕਰ ਦੇਵਾਂਗੀ।"—ਅਮਨ, 19.*

*"ਮੈਂ ਅਕਸਰ 'ਨੈੱਟਵਰਕ ਤੋਂ ਛੁੱਟੀ' ਲੈਂਦੀ ਰਹਿੰਦੀ ਹਾਂ ਯਾਨੀ ਮੈਂ ਕੁਝ ਮਹੀਨਿਆਂ ਲਈ ਆਪਣਾ ਅਕਾਊਂਟ ਬੰਦ ਕਰ ਦਿੰਦੀ ਹਾਂ, ਬਾਅਦ ਵਿਚ ਫਿਰ ਉਸ ਨੂੰ ਖੋਲ੍ਹ ਲੈਂਦੀ ਹਾਂ। ਮੈਂ ਇਸ ਤਰ੍ਹਾਂ ਉਦੋਂ ਕਰਦੀ ਹਾਂ ਜਦੋਂ ਮੈਨੂੰ ਲੱਗੇ ਕਿ ਮੈਂ ਹੱਦੋਂ ਵੱਧ ਇੰਟਰਨੈੱਟ 'ਤੇ ਸਮਾਂ ਲਾਉਂਦੀ ਹਾਂ। ਹੁਣ ਮੈਂ ਇਸ ਨੂੰ ਵਰਤਣਾ ਪਹਿਲਾਂ ਜਿੰਨਾ ਜ਼ਰੂਰੀ ਨਹੀਂ ਸਮਝਦੀ। ਇਸ 'ਤੇ ਮੈਨੂੰ ਜੋ ਕੰਮ ਹੁੰਦਾ ਹੈ, ਉਸ ਨੂੰ ਪੂਰਾ ਕਰ ਕੇ ਮੈਂ ਇਸ ਨੂੰ ਬੰਦ ਕਰ ਦਿੰਦੀ ਹਾਂ।"—ਜੋਤੀ, 22.*

JATTSITE.COM

## ਮੁੱਖ ਗੱਲ

ਸੋਸ਼ਲ ਨੈੱਟਵਰਕਿੰਗ ਬਾਰੇ ਇਕ ਹੋਰ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ। ਇਸ ਗੱਲ ਨੂੰ ਸਮਝਣ ਲਈ ਹੇਠਾਂ ਦੱਸੀਆਂ ਗੱਲਾਂ ਵਿੱਚੋਂ ਤੁਹਾਨੂੰ ਜਿਹੜੀ ਗੱਲ ਠੀਕ ਲੱਗਦੀ ਹੈ, ਉਸ ਉੱਤੇ ✓ ਲਗਾਓ।

ਸੋਸ਼ਲ ਨੈੱਟਵਰਕਿੰਗ ਸਾਈਟ ਮੁੱਖ ਤੌਰ ਤੇ . . .

**(ੳ) __ ਇਕ ਬਿਜ਼ਨਿਸ ਹੈ।**

**(ਅ) __ ਇਕ ਸੋਸ਼ਲ ਕਲੱਬ ਹੈ।**

**(ੲ) __ ਇਕ ਕਿਸਮ ਦਾ ਮਨੋਰੰਜਨ ਹੈ।**

ਮੰਨੋ ਜਾਂ ਨਾ ਮੰਨੋ, ਸਹੀ ਜਵਾਬ ਬਿਜ਼ਨਿਸ ਹੈ। ਸੋਸ਼ਲ ਨੈੱਟਵਰ-ਕਿੰਗ ਦਾ ਮਕਸਦ ਮੁਨਾਫ਼ਾ ਕਮਾਉਣਾ ਹੈ, ਖ਼ਾਸ ਕਰਕੇ ਇਸ਼ਤਿਹਾਰਾਂ ਦੁਆਰਾ। ਇਸ਼ਤਿਹਾਰ ਦੇਣ ਵਾਲਿਆਂ ਲਈ ਨੈੱਟਵਰਕ ਦੀ ਉਦੋਂ ਕੀਮਤ ਵਧਦੀ ਹੈ ਜਦੋਂ ਜ਼ਿਆਦਾ ਤੋਂ ਜ਼ਿਆਦਾ ਲੋਕ ਇਸ ਦੇ ਮੈਂਬਰ ਬਣਦੇ ਹਨ *ਅਤੇ ਉਹ ਅੱਗੇ ਆਪਣੇ ਪੋਸਟ ਹੋਰਾਂ ਨਾਲ ਸਾਂਝੇ ਕਰਦੇ ਹਨ।* ਜਿੰਨਾ ਜ਼ਿਆਦਾ ਸਮਾਂ ਤੁਸੀਂ ਜਾਂ ਕੋਈ ਹੋਰ ਨੈੱਟਵਰਕਿੰਗ 'ਤੇ ਲਾਉਂਦਾ ਹੈ, ਉੱਨੇ ਹੀ ਜ਼ਿਆਦਾ ਇਸ਼ਤਿਹਾਰ ਦੇਖੇ ਜਾਣਗੇ।

ਜੇ ਤੁਸੀਂ ਇੰਟਰਨੈੱਟ 'ਤੇ ਜ਼ਿਆਦਾ ਲੋਕਾਂ ਨਾਲ ਨਿੱਜੀ ਜਾਣਕਾਰੀ ਸਾਂਝੀ ਕਰਦੇ ਹੋ ਜਾਂ ਆਪਣਾ ਜ਼ਿਆਦਾ ਸਮਾਂ ਬਰਬਾਦ ਕਰਦੇ ਹੋ, ਤਾਂ ਸੋਸ਼ਲ ਨੈੱਟਵਰਕ ਦਾ ਕੁਝ ਵੀ ਨਹੀਂ ਵਿਗੜੇਗਾ। ਇਸ਼ਤਿਹਾਰ ਦੇਣ ਵਾਲਿਆਂ ਨੂੰ ਤਾਂ ਇਸ ਦਾ ਫ਼ਾਇਦਾ ਹੀ ਫ਼ਾਇਦਾ ਹੈ। ਤਾਂ ਫਿਰ, ਜੇ ਤੁਸੀਂ ਸੋਸ਼ਲ ਨੈੱਟਵਰਕਿੰਗ ਦੇ ਮੈਂਬਰ ਹੋ, ਤਾਂ ਆਪਣੀ ਨਿੱਜੀ ਜਾਣ-ਕਾਰੀ ਦੀ ਰੱਖਿਆ ਕਰੋ ਅਤੇ ਧਿਆਨ ਰੱਖੋ ਕਿ ਤੁਸੀਂ ਇਸ 'ਤੇ ਕਿੰਨਾ ਕੁ ਸਮਾਂ ਲਾਉਂਦੇ ਹੋ। (*g11*-E 07)

## ਅਗਲੇ "ਨੌਜਵਾਨ ਪੁੱਛਦੇ ਹਨ" . . . ਲੇਖ ਵਿਚ

***ਸੋਸ਼ਲ ਨੈੱਟਵਰਕ ਤੁਹਾਡੀ ਨੇਕਨਾਮੀ ਅਤੇ ਤੁਹਾਡੀ ਦੋਸਤੀ 'ਤੇ ਅਸਰ ਪਾ ਸਕਦਾ ਹੈ। ਪੜ੍ਹ ਕੇ ਦੇਖੋ ਕਿਵੇਂ।***

**"ਨੌਜਵਾਨ ਪੁੱਛਦੇ ਹਨ" ਲੇਖਾਂ ਦੀ ਲੜੀ ਦੇ ਹੋਰ ਲੇਖ ਇਸ ਵੈੱਬ-ਸਾਈਟ 'ਤੇ ਦਿੱਤੇ ਗਏ ਹਨ:**
**www.watchtower.org/ype**

### ਆਪਣੇ ਮਾਤਾ-ਪਿਤਾ ਨੂੰ ਪੁੱਛੋ


ਆਨ-ਲਾਈਨ ਪ੍ਰਾਈਵੇਸੀ ਬਾਰੇ ਆਪਣੇ ਮਾਤਾ-ਪਿਤਾ ਨਾਲ ਗੱਲ ਕਰੋ। ਕਿਹੜੀਆਂ ਗੱਲਾਂ ਅਜਨਬੀਆਂ ਨੂੰ ਨਹੀਂ ਦੱਸਣੀਆਂ ਚਾਹੀਦੀਆਂ ਅਤੇ ਕਿਉਂ? ਇੰਟਰਨੈੱਟ ਦੇ ਕਿਸੇ ਵੀ ਹਿੱਸੇ 'ਤੇ ਕਿਹੜੀ ਜਾਣਕਾਰੀ ਪੋਸਟ ਕਰਨ ਨਾਲ ਖ਼ਤਰਾ ਹੋ ਸਕਦਾ ਹੈ? ਆਪਣੇ ਮਾਤਾ-ਪਿਤਾ ਨੂੰ ਇਹ ਵੀ ਪੁੱਛੋ ਕਿ ਦੂਸਰਿਆਂ ਨਾਲ ਇੰਟਰਨੈੱਟ 'ਤੇ ਅਤੇ ਆਹਮੋ-ਸਾਮ੍ਹਣੇ ਬੈਠ ਕੇ ਗੱਲਾਂ ਕਰਨ ਵਿਚ ਤੁਹਾਨੂੰ ਕਿੰਨਾ ਕੁ ਸਮਾਂ ਲਾਉਣਾ ਚਾਹੀਦਾ ਹੈ। ਉਹ ਕਿਹੜੀਆਂ ਤਬਦੀਲੀਆਂ ਕਰਨ ਦਾ ਸੁਝਾਅ ਦਿੰਦੇ ਹਨ?

# ਨੌਜਵਾਨ ਪੁੱਛਦੇ ਹਨ

# ਮੈਨੂੰ ਸੋਸ਼ਲ ਨੈੱਟਵਰਕਿੰਗ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ? ਦੂਜਾ ਭਾਗ

*ਹੇਠਾਂ ਦਿੱਤੀਆਂ ਗੱਲਾਂ 'ਤੇ ਉਨ੍ਹਾਂ ਦੀ ਅਹਿਮੀਅਤ ਮੁਤਾਬਕ ਨੰਬਰ ਲਿਖੋ।*

*__ ਨਿੱਜੀ ਜਾਣਕਾਰੀ*
*__ ਮੇਰਾ ਸਮਾਂ*
*__ ਮੇਰੀ ਨੇਕਨਾਮੀ*
*__ ਮੇਰੇ ਦੋਸਤ*



ਤੁਸੀਂ ਕਿਹੜੀ ਗੱਲ 'ਤੇ ਨੰਬਰ 1 ਲਿਖਿਆ ਹੈ ਜੋ ਤੁਹਾਡੇ ਲਈ ਸਭ ਤੋਂ ਜ਼ਿਆਦਾ ਅਹਿਮੀਅਤ ਰੱਖਦੀ ਹੈ? ਜੇ ਤੁਸੀਂ ਸੋਸ਼ਲ ਨੈੱਟਵਰਕ ਵਰਤਦੇ ਹੋ, ਤਾਂ ਤੁਹਾਡੀ ਜ਼ਿੰਦਗੀ ਦੀਆਂ ਇਹ ਚਾਰੇ ਗੱਲਾਂ ਖ਼ਤਰੇ ਵਿਚ ਪੈ ਸਕਦੀਆਂ ਹਨ।

ਕੀ ਤੁਹਾਨੂੰ ਸੋਸ਼ਲ ਨੈੱਟਵਰਕਿੰਗ ਅਕਾਊਂਟ ਖੋਲ੍ਹਣਾ ਚਾਹੀਦਾ ਹੈ? ਜੇ ਤੁਸੀਂ ਆਪਣੇ ਮਾਤਾ-ਪਿਤਾ ਨਾਲ ਰਹਿੰਦੇ ਹੋ, ਤਾਂ ਇਹ ਫ਼ੈਸਲਾ ਉਨ੍ਹਾਂ ਨੂੰ ਕਰਨ ਦੀ ਲੋੜ ਹੈ।* (ਕਹਾਉਤਾਂ 6:20) ਇੰਟਰਨੈੱਟ ਦੇ *ਕਿਸੇ ਵੀ* ਹਿੱਸੇ ਵਾਂਗ, ਸੋਸ਼ਲ ਨੈੱਟਵਰਕਿੰਗ ਦੇ ਫ਼ਾਇਦਿਆਂ ਦੇ ਨਾਲ-ਨਾਲ ਖ਼ਤਰੇ ਵੀ ਹੁੰਦੇ ਹਨ। ਜੇ ਤੁਹਾਡੇ ਮਾਤਾ-ਪਿਤਾ ਨਹੀਂ ਚਾਹੁੰਦੇ ਕਿ ਤੁਸੀਂ ਸੋਸ਼ਲ ਨੈੱਟਵਰਕਿੰਗ ਅਕਾਊਂਟ ਖੋਲ੍ਹੋ, ਤਾਂ ਫਿਰ ਤੁਹਾਨੂੰ ਉਨ੍ਹਾਂ ਦਾ ਕਹਿਣਾ ਮੰਨਣਾ ਚਾਹੀਦਾ ਹੈ।—ਅਫ਼ਸੀਆਂ 6:1.

ਦੂਜੇ ਪਾਸੇ, ਜੇ ਤੁਹਾਡੇ ਮਾਤਾ-ਪਿਤਾ ਤੁਹਾਨੂੰ ਸੋਸ਼ਲ ਨੈੱਟਵਰਕਿੰਗ ਅਕਾਊਂਟ ਖੋਲ੍ਹਣ ਦੀ *ਇਜਾਜ਼ਤ* ਦੇ ਦੇਣ, ਤਾਂ ਤੁਸੀਂ ਖ਼ਤਰਿਆਂ ਤੋਂ ਕਿਵੇਂ ਬਚ ਸਕਦੇ ਹੋ? ਪਿਛਲੇ "ਨੌਜਵਾਨ ਪੁੱਛਦੇ ਹਨ" ਲੇਖ ਵਿਚ ਅਸੀਂ ਦੋ ਗੱਲਾਂ ਬਾਰੇ ਚਰਚਾ ਕੀਤੀ ਸੀ—ਤੁਹਾਡੀ ਪ੍ਰਾਈਵੇਸੀ ਅਤੇ ਤੁਹਾਡਾ ਸਮਾਂ। ਇਸ ਲੇਖ ਵਿਚ ਅਸੀਂ ਤੁਹਾਡੀ ਨੇਕਨਾਮੀ ਅਤੇ ਦੋਸਤੀ ਦੀ ਗੱਲ ਕਰਾਂਗੇ।

## ਤੁਹਾਡੀ ਨੇਕਨਾਮੀ

ਆਪਣਾ ਨਾਂ ਬਦਨਾਮ ਹੋਣ ਤੋਂ ਬਚਾਉਣ ਦਾ ਮਤਲਬ ਹੈ ਕਿ ਤੁਸੀਂ ਕਿਸੇ ਨੂੰ ਆਪਣੇ ਬਾਰੇ ਬੁਰਾ ਸੋਚਣ ਦਾ ਜਾਇਜ਼ ਕਾਰਨ ਨਹੀਂ ਦੇਵੋਗੇ। ਮਿਸਾਲ ਲਈ, ਫ਼ਰਜ਼ ਕਰੋ ਕਿ ਤੁਸੀਂ ਇਕ ਨਵੀਂ ਗੱਡੀ ਖ਼ਰੀਦੀ ਹੈ। ਇਸ 'ਤੇ ਇਕ ਵੀ ਝਰੀਟ ਨਹੀਂ ਲੱਗੀ ਤੇ ਨਾ ਹੀ ਕੋਈ ਚਿੱਬ ਪਿਆ ਹੈ। ਕੀ ਤੁਸੀਂ ਗੱਡੀ ਨੂੰ ਇਸੇ ਹਾਲਤ ਵਿਚ ਨਹੀਂ ਰੱਖਣੀ ਚਾਹੋਗੇ? ਜੇ ਤੁਹਾਡੀ ਲਾਪਰਵਾਹੀ ਕਰਕੇ ਹਾਦਸੇ ਵਿਚ ਗੱਡੀ ਟੁੱਟ-ਭੱਜ ਜਾਵੇ, ਤਾਂ ਤੁਹਾਨੂੰ ਕਿਵੇਂ ਲੱਗੇਗਾ?

ਇਸੇ ਤਰ੍ਹਾਂ ਜੇ ਤੁਸੀਂ ਲਾਪਰਵਾਹੀ ਕਰੋ, ਤਾਂ ਸੋਸ਼ਲ ਨੈੱਟਵਰਕ 'ਤੇ ਤੁਹਾਡਾ ਨਾਂ ਬਦਨਾਮ ਹੋ ਸਕਦਾ ਹੈ। ਸੀਮਾ ਨਾਂ ਦੀ ਕੁੜੀ ਕਹਿੰਦੀ ਹੈ:

**ਇਕ ਬਾਈਬਲ ਕਹਾਵਤ ਕਹਿੰਦੀ ਹੈ: "ਵੱਡੇ ਧਨ ਨਾਲੋਂ ਨੇਕ ਨਾਮੀ ਚੁਣਨੀ ਚਾਹੀਦੀ ਹੈ।"**—ਕਹਾਉਤਾਂ 22:1.

"ਜੇ ਤੁਸੀਂ ਬਿਨਾਂ ਸੋਚੇ-ਸਮਝੇ ਕੋਈ ਫੋਟੋ ਜਾਂ ਗੱਲ ਪੋਸਟ ਕਰ ਦਿੰਦੇ ਹੋ, ਤਾਂ ਤੁਹਾਡੀ ਨੇਕਨਾਮੀ ਮਿੱਟੀ ਵਿਚ ਮਿਲ ਸਕਦੀ ਹੈ।" ਧਿਆਨ ਦਿਓ ਕਿ ਹੇਠਾਂ ਦਿੱਤੀਆਂ ਗੱਲਾਂ ਕਰਕੇ ਤੁਹਾਡਾ ਨਾਂ ਕਿਵੇਂ ਬਦਨਾਮ ਹੋ ਸਕਦਾ ਹੈ . . .

● **ਤੁਹਾਡੀਆਂ ਫੋਟੋਆਂ।** ਪਤਰਸ ਰਸੂਲ ਨੇ ਲਿਖਿਆ: "ਦੁਨੀਆਂ ਦੇ ਲੋਕਾਂ ਵਿਚ ਆਪਣਾ ਚਾਲ-ਚਲਣ ਹਮੇਸ਼ਾ ਨੇਕ ਰੱਖੋ।" (1 ਪਤਰਸ 2:12) ਸੋਸ਼ਲ ਨੈੱਟਵਰਕਿੰਗ ਸਾਈਟ ਉੱਤੇ ਫੋਟੋਆਂ ਦੇਖ ਕੇ ਤੁਹਾਨੂੰ ਕਿਵੇਂ ਲੱਗਾ?

*"ਜਿਨ੍ਹਾਂ ਦਾ ਮੈਂ ਪਹਿਲਾਂ ਬਹੁਤ ਆਦਰ ਕਰਦੀ ਸੀ, ਕਦੇ-ਕਦੇ ਉਹ ਇੱਦਾਂ ਦੀਆਂ ਫੋਟੋਆਂ ਪਾ ਦਿੰਦੇ ਹਨ ਜਿਨ੍ਹਾਂ ਨੂੰ ਦੇਖ ਕੇ ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੇ ਜ਼ਿਆਦਾ ਸ਼ਰਾਬ ਪੀਤੀ ਹੋਈ ਸੀ।"—ਆਰਤੀ, 19.*

* *ਜਾਗਰੂਕ ਬਣੋ!* ਰਸਾਲਾ ਸੁਝਾਅ ਨਹੀਂ ਦਿੰਦਾ ਕਿ ਤੁਹਾਨੂੰ ਕਿਹੜੀ ਨੈੱਟਵਰਕ ਸਾਈਟ ਵਰਤਣੀ ਜਾਂ ਨਹੀਂ ਵਰਤਣੀ ਚਾਹੀਦੀ। ਮਸੀਹੀਆਂ ਨੂੰ ਧਿਆਨ ਰੱਖਣ ਦੀ ਲੋੜ ਹੈ ਕਿ ਇੰਟਰਨੈੱਟ ਵਰਤਦਿਆਂ ਉਹ ਬਾਈਬਲ ਦੇ ਕਿਸੇ ਵੀ ਸਿਧਾਂਤ ਦੇ ਖ਼ਿਲਾਫ਼ ਨਾ ਜਾਣ।—1 ਤਿਮੋਥਿਉਸ 1:5, 19.



JATTSITE.COM

*"ਮੈਂ ਕਈ ਕੁੜੀਆਂ ਨੂੰ ਜਾਣਦੀ ਹਾਂ ਜਿਨ੍ਹਾਂ ਨੇ ਅਜਿਹੇ ਢੰਗ ਨਾਲ ਪੋਜ਼ ਦਿੱਤੇ ਹਨ ਜਿਸ ਕਾਰਨ ਲੋਕਾਂ ਦਾ ਧਿਆਨ ਉਨ੍ਹਾਂ ਦੇ ਜਿਸਮ ਵੱਲ ਖਿੱਚਿਆ ਜਾਂਦਾ ਹੈ। ਉਹ ਅਸਲੀਅਤ ਵਿਚ ਤਾਂ ਬਿਲਕੁਲ ਵੱਖਰੀਆਂ ਲੱਗਦੀਆਂ ਹਨ।"—ਸੀਮਾ, 19.*

ਤੁਸੀਂ ਉਸ ਇਨਸਾਨ ਬਾਰੇ ਕੀ ਸੋਚੋਗੇ ਜਿਸ ਨੇ ਸੋਸ਼ਲ ਨੈੱਟਵਰਕ ਉੱਤੇ ਫੋਟੋ ਵਿਚ (1) ਭੜਕਾਊ ਕੱਪੜੇ ਪਾਏ ਹੋਏ ਹਨ ਜਾਂ (2) ਸ਼ਰਾਬ ਪੀਤੀ ਲੱਗਦੀ ਹੈ?

1 ..........................................................................

2 ..........................................................................

● **ਤੁਹਾਡੀਆਂ ਪੋਸਟ ਕੀਤੀਆਂ ਗੱਲਾਂ।** ਅਫ਼ਸੀਆਂ 4:29 ਵਿਚ ਲਿਖਿਆ ਹੈ: "ਤੁਹਾਡੇ ਮੂੰਹੋਂ ਇਕ ਵੀ ਗੰਦੀ ਗੱਲ ਨਾ ਨਿਕਲੇ।" ਕਈਆਂ ਨੇ ਦੇਖਿਆ ਹੈ ਕਿ ਸੋਸ਼ਲ ਨੈੱਟਵਰਕਿੰਗ ਸਾਈਟਾਂ 'ਤੇ ਲੋਕ ਚੁਗਲੀਆਂ ਜਾਂ ਲੱਚਰ ਤੇ ਗੰਦੀਆਂ ਗੱਲਾਂ ਖੁੱਲ੍ਹ ਕੇ ਕਰਦੇ ਹਨ।

*"ਸੋਸ਼ਲ ਨੈੱਟਵਰਕ 'ਤੇ ਲੋਕਾਂ ਦੀ ਜਕ ਖੁੱਲ੍ਹ ਜਾਂਦੀ ਹੈ। ਕਈ ਸੋਚਦੇ ਹਨ ਕਿ ਗੰਦੀਆਂ ਗੱਲਾਂ ਜ਼ਬਾਨ 'ਤੇ ਲਿਆਉਣੀਆਂ ਠੀਕ ਨਹੀਂ, ਪਰ ਇੰਟਰਨੈੱਟ 'ਤੇ ਪਾਉਣੀਆਂ ਇੰਨੀਆਂ ਬੁਰੀਆਂ ਨਹੀਂ ਲੱਗਦੀਆਂ। ਤੁਸੀਂ ਭਾਵੇਂ ਗਾਲ੍ਹਾਂ ਨਾ ਕੱਢ ਰਹੇ ਹੋਵੋ, ਪਰ ਸ਼ਾਇਦ ਤੁਹਾਡੇ ਸ਼ਬਦਾਂ ਤੋਂ ਜ਼ਾਹਰ ਹੋਵੇ ਕਿ ਤੁਸੀਂ ਦੂਜਿਆਂ ਨਾਲ ਫਲਰਟ ਕਰ ਰਹੇ ਹੋ ਅਤੇ ਬੇ-ਝਿਜਕ ਹੋ ਕੇ ਗੰਦੀਆਂ ਗੱਲਾਂ ਕਰ ਰਹੇ ਹੋ।"—ਡੈਨੀਏਲ, 19.*

ਤੁਹਾਡੇ ਖ਼ਿਆਲ ਵਿਚ ਲੋਕ ਬੇਝਿਜਕ ਹੋ ਕੇ ਇੰਟਰਨੈੱਟ 'ਤੇ ਗੰਦੀਆਂ ਗੱਲਾਂ ਕਿਉਂ ਪਾਉਂਦੇ ਹਨ?

..........................................................................

..........................................................................

ਕੀ ਪੋਸਟ ਕੀਤੀਆਂ ਹੋਈਆਂ ਫੋਟੋਆਂ ਅਤੇ ਗੱਲਾਂ ਦਾ ਤੁਹਾਡੇ ਉੱਤੇ ਕੋਈ ਅਸਰ ਪੈ ਸਕਦਾ ਹੈ? ਬਿਲਕੁਲ! ਜਸਮੀਤ ਨਾਂ ਦੀ ਕੁੜੀ ਦੱਸਦੀ ਹੈ: "ਸਕੂਲ ਵਿਚ ਕਈ ਇਸ ਅਸਰ ਬਾਰੇ ਗੱਲ ਕਰ ਰਹੇ ਸਨ। ਅਸੀਂ ਗੱਲ ਕਰਦੇ ਸੀ ਕਿ ਕੁਝ ਮਾਲਕ ਕਿਸੇ ਨੂੰ ਨੌਕਰੀ 'ਤੇ ਰੱਖਣ ਤੋਂ ਪਹਿਲਾਂ ਉਸ ਦਾ ਸੋਸ਼ਲ ਨੈੱਟਵਰਕ ਪੇਜ ਦੇਖਦੇ ਹਨ ਕਿ ਉਹ ਕਿਸ ਤਰ੍ਹਾਂ ਦਾ ਇਨਸਾਨ ਹੈ।"

ਡਾਕਟਰ ਬੀ. ਜੇ. ਫੌਗ ਨੇ *ਫੇਸਬੁੱਕ ਫ਼ੌਰ ਪੇਰੇਂਟਸ* ਨਾਂ ਦੀ ਆਪਣੀ ਕਿਤਾਬ ਵਿਚ ਕਿਹਾ ਕਿ ਉਹ ਕਿਸੇ ਨੂੰ ਨੌਕਰੀ 'ਤੇ ਰੱਖਣ ਤੋਂ ਪਹਿਲਾਂ ਉਸ ਦਾ ਸੋਸ਼ਲ ਨੈੱਟਵਰਕਿੰਗ ਪੇਜ ਦੇਖ ਲੈਂਦਾ ਹੈ। ਉਸ ਨੇ ਕਿਹਾ: "ਇਸ ਤਰ੍ਹਾਂ ਕਰਨਾ ਮੈਂ ਜ਼ਰੂਰੀ ਸਮਝਦਾ ਹਾਂ। ਜੇ ਮੈਂ ਕਿਸੇ ਦੇ ਵੈੱਬ ਪੇਜ ਉੱਤੇ ਘਟੀਆ ਗੱਲਾਂ ਦੇਖਦਾ ਹਾਂ, ਤਾਂ ਮੈਨੂੰ ਜ਼ਰਾ ਵੀ ਚੰਗਾ ਨਹੀਂ ਲੱਗਦਾ ਤੇ ਮੈਂ ਉਸ ਨੂੰ ਨੌਕਰੀ 'ਤੇ ਨਹੀਂ ਰੱਖਦਾ। ਕਿਉਂ? ਕਿਉਂਕਿ ਮੈਂ ਸਮਝਦਾਰ ਇਨਸਾਨਾਂ ਨਾਲ ਕੰਮ ਕਰਨਾ ਜ਼ਰੂਰੀ ਸਮਝਦਾ ਹਾਂ।"

ਜੇ ਤੁਸੀਂ ਮਸੀਹੀ ਹੋ, ਤਾਂ ਤੁਹਾਨੂੰ ਇਕ ਹੋਰ ਜ਼ਰੂਰੀ ਗੱਲ ਬਾਰੇ ਵੀ ਸੋਚਣ ਦੀ ਲੋੜ ਹੈ ਕਿ ਤੁਹਾਡੀਆਂ ਪੋਸਟ ਕੀਤੀਆਂ ਗੱਲਾਂ ਦਾ ਦੂਜਿਆਂ ਉੱਤੇ ਕੀ ਅਸਰ ਪੈਂਦਾ ਹੈ, ਚਾਹੇ ਉਹ ਮਸੀਹੀ ਹੋਣ ਜਾਂ ਨਾ।



*ਜਿਸ ਤਰ੍ਹਾਂ ਲਾਪਰਵਾਹੀ ਨਾਲ ਗੱਡੀ ਚਲਾਉਣ ਕਾਰਨ ਗੱਡੀ ਟੁੱਟ-ਭੱਜ ਸਕਦੀ ਹੈ, ਉਸੇ ਤਰ੍ਹਾਂ ਇੰਟਰਨੈੱਟ 'ਤੇ ਗੰਦੀਆਂ ਫੋਟੋਆਂ ਅਤੇ ਗੱਲਾਂ ਪਾਉਣ ਨਾਲ ਤੁਹਾਡਾ ਨਾਂ ਮਿੱਟੀ ਵਿਚ ਮਿਲ ਸਕਦਾ ਹੈ*

***ਜ਼ਿਕਰ ਯੋਗ ਹੈ ਕਿ ਬਹੁਤੀਆਂ ਮਾਰਡਨ ਕੁੜੀਆਂ ਨੇ ਇਕ ਤੋਂ ਜ਼ਿਆਦਾ ਫੇਸਬੁੱਕ ਪ੍ਰੋਫਾਈਲਾਂ ਬਣਾਈਆਂ ਹੋਈਆਂ ਹਨ। ਪਰ ਮਾਪਿਆਂ ਨੂੰ ਲਾਡਲੀਆਂ ਨੇ ਸਿਰਫ਼ ਰਿਸ਼ਤੇਦਾਰਾਂ ਵਾਲੀ ਪ੍ਰੋਫਾਈਲ ਬਾਰੇ ਹੀ ਦੱਸਿਆ ਹੁੰਦਾ ਹੈ। ਮਾਪੇ ਸਮਾਜਿਕ ਪ੍ਰੋਫਾਈਲ ਦੇਖ ਕੇ ਹੀ ਖ਼ੁਸ਼ ਹੁੰਦੇ ਰਹਿੰਦੇ ਹਨ ਅਤੇ ਕੁੜੀਆਂ ਅਸਮਾਜਿਕ ਪ੍ਰੋਫਾਈਲ ਤੇ ਆਪਣੇ ਪਿਆਰ ਅਤੇ ਮਨ-ਭੜਕਾਊ ਪੋਜ਼ ਸਿਰਫ਼ ਖਾਸ ਦੋਸਤਾਂ ਲਈ ਖੁੱਲ੍ਹੇਆਮ ਕਰਦੀਆਂ ਰਹਿੰਦੀਆਂ ਹਨ। ਮਾਪਿਆਂ ਨੂੰ ਲਾਡਲੀ ਨੂੰ ਕੋਲ ਬਿਠਾ ਕੇ ਇਕ ਬਾਰੀ ਜ਼ਰੂਰ ਪੁੱਛਣਾ ਚਾਹੀਦਾ ਹੈ ਕਿ ਉਸ ਦੀਆਂ ਕਿੰਨੀਆਂ ਫੇਸਬੁੱਕ ਪ੍ਰੋਫਾਈਲਾਂ ਹਨ?***

ਸੰਦੀਪ ਮਾਨ ਜਲੰਧਰ, ਅਸਟਰੇਲੀਆ

ਪੌਲੁਸ ਰਸੂਲ ਨੇ ਲਿਖਿਆ: "ਅਸੀਂ ਦੂਸਰਿਆਂ ਦੇ ਸਾਮ੍ਹਣੇ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਖੜ੍ਹੀ ਨਹੀਂ ਕਰਦੇ।"—2 ਕੁਰਿੰਥੀਆਂ 6:3; 1 ਪਤਰਸ 3:16.

## ਤੁਸੀਂ ਕੀ ਕਰ ਸਕਦੇ ਹੋ

ਜੇ ਤੁਹਾਡੇ ਮਾਤਾ-ਪਿਤਾ ਨੇ ਤੁਹਾਨੂੰ ਸੋਸ਼ਲ ਨੈੱਟਵਰਕ ਵਰਤਣ ਦੀ ਇਜਾਜ਼ਤ ਦਿੱਤੀ ਹੈ, ਤਾਂ ਆਪਣੇ ਪੇਜ 'ਤੇ ਪੋਸਟ ਕੀਤੀਆਂ ਫੋਟੋਆਂ ਦੇਖ ਕੇ ਆਪਣੇ ਤੋਂ ਪੁੱਛੋ: 'ਇਨ੍ਹਾਂ ਫੋਟੋਆਂ ਵੱਲ ਦੇਖ ਕੇ ਦੂਜੇ ਮੇਰੇ ਬਾਰੇ ਕੀ ਸੋਚਣਗੇ? ਕੀ ਮੈਂ ਚਾਹੁੰਦਾ ਹਾਂ ਕਿ ਦੂਸਰੇ ਮੇਰੇ ਬਾਰੇ ਇੱਦਾਂ ਹੀ ਸੋਚਣ? ਜੇ ਮੇਰੇ ਮਾਤਾ-ਪਿਤਾ, ਮੰਡਲੀ ਦੇ ਬਜ਼ੁਰਗ ਜਾਂ ਭਵਿੱਖ ਵਿਚ ਨੌਕਰੀ ਦੇਣ ਵਾਲੇ ਮਾਲਕ ਨੇ ਇਹ ਫੋਟੋਆਂ ਦੇਖ ਲਈਆਂ, ਤਾਂ ਕੀ ਮੈਂ ਸ਼ਰਮਿੰਦਾ ਹੋਵਾਂਗਾ?' ਜੇ ਤੁਸੀਂ ਇਸ ਸਵਾਲ ਦਾ ਜਵਾਬ ਹਾਂ ਵਿਚ ਦਿੱਤਾ ਹੈ, ਤਾਂ ਤੁਹਾਨੂੰ ਤਬਦੀਲੀਆਂ ਕਰਨ ਦੀ ਲੋੜ ਹੈ। 21 ਸਾਲ ਦੀ ਕਾਜਲ ਨੇ ਇੱਦਾਂ ਕੀਤਾ ਸੀ। ਉਹ ਕਹਿੰਦੀ ਹੈ: "ਮੇਰੀ ਮੰਡਲੀ ਦੇ ਇਕ ਬਜ਼ੁਰਗ ਨੇ ਮੇਰੇ ਵੈੱਬ ਪੇਜ ਉੱਤੇ ਮੇਰੀ ਫੋਟੋ ਦੇਖ ਕੇ ਮੇਰੇ ਨਾਲ ਇਸ ਬਾਰੇ ਗੱਲ ਕੀਤੀ। ਮੈਂ ਉਸ ਦਾ ਸ਼ੁਕਰ ਕਰਦੀ ਹਾਂ ਕਿ ਉਸ ਨੇ ਗੱਲ ਕੀਤੀ। ਮੈਨੂੰ ਪਤਾ ਹੈ ਕਿ ਉਹ ਮੇਰੀ ਨੇਕਨਾਮੀ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।"

ਇਸ ਦੇ ਨਾਲ-ਨਾਲ ਆਪਣੇ ਪੇਜ 'ਤੇ ਆਪਣੀਆਂ ਅਤੇ ਦੂਜਿਆਂ ਦੀਆਂ ਪੋਸਟ ਕੀਤੀਆਂ ਗੱਲਾਂ ਵੱਲ ਵੀ ਧਿਆਨ ਦਿਓ। ਦੂਜਿਆਂ ਨੂੰ ਆਪਣੇ ਪੇਜ 'ਤੇ "ਬੇਹੂਦਾ ਗੱਲਾਂ" ਜਾਂ "ਗੰਦੇ ਮਜ਼ਾਕ" ਨਾ ਪਾਉਣ ਦਿਓ। (ਅਫ਼ਸੀਆਂ 5:3, 4) 19 ਸਾਲ ਦੀ ਜੇਨ ਕਹਿੰਦੀ ਹੈ: "ਕਦੇ-ਕਦੇ ਲੋਕ ਗੰਦੇ ਸ਼ਬਦ ਜਾਂ ਅਜਿਹੀਆਂ ਗੱਲਾਂ ਪੋਸਟ ਕਰ ਦਿੰਦੇ ਹਨ ਜਿਨ੍ਹਾਂ ਦਾ ਦੋਹਰਾ ਮਤਲਬ ਹੁੰਦਾ ਹੈ। ਭਾਵੇਂ ਇਹ ਗੱਲਾਂ ਤੁਸੀਂ ਖ਼ੁਦ ਨਹੀਂ ਪਾਈਆਂ, ਫਿਰ ਵੀ ਤੁਹਾਡਾ ਨਾਂ ਬਦਨਾਮ ਹੋਵੇਗਾ ਕਿਉਂਕਿ ਇਹ ਗੱਲਾਂ ਤੁਹਾਡੇ ਪੇਜ 'ਤੇ ਹਨ।"

ਤੁਸੀਂ ਆਪਣੀਆਂ ਪੋਸਟ ਕੀਤੀਆਂ ਫੋਟੋਆਂ ਅਤੇ ਗੱਲਾਂ ਦੇ ਸੰਬੰਧ



JATTSITE.COM

ਵਿਚ ਕਿਹੜੀਆਂ ਹੱਦਾਂ ਠਹਿਰਾਓਗੇ ਤਾਂਕਿ ਤੁਹਾਡੀ ਨੇਕਨਾਮੀ ’ਤੇ ਕੋਈ ਧੱਬਾ ਨਾ ਲੱਗੇ?

..................................................

..................................................

..................................................

## ਤੁਹਾਡੇ ਦੋਸਤ

ਮਿਸਾਲ ਲਈ, ਜੇ ਤੁਸੀਂ ਇਕ ਨਵੀਂ ਗੱਡੀ ਖ਼ਰੀਦੀ ਹੈ, ਤਾਂ ਕੀ ਤੁਸੀਂ ਕਿਸੇ ਨੂੰ ਵੀ ਆਪਣੀ ਗੱਡੀ ਵਿਚ ਬੈਠਣ ਦਿਓਗੇ? ਜੇ ਤੁਹਾਡੇ ਮਾਤਾ-ਪਿਤਾ ਤੁਹਾਨੂੰ ਸੋਸ਼ਲ ਨੈੱਟਵਰਕਿੰਗ ਅਕਾਊਂਟ ਖੋਲ੍ਹਣ ਦਿੰਦੇ ਹਨ, ਤਾਂ ਤੁਹਾਨੂੰ ਫ਼ੈਸਲਾ ਕਰਨਾ ਪਵੇਗਾ ਕਿ ਤੁਸੀਂ ਕਿਨ੍ਹਾਂ ਨੂੰ ਆਪਣੇ ‘ਫਰੈਂਡ’ ਬਣਨ ਦਾ ਸੱਦਾ ਦੇਵੋਗੇ ਅਤੇ ਕਿਨ੍ਹਾਂ ਨੂੰ ਫਰੈਂਡਜ਼ ਵਜੋਂ ਕਬੂਲ ਕਰੋਗੇ। ਤੁਸੀਂ ਕਿਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਆਪਣੇ ‘ਫਰੈਂਡਜ਼’ ਚੁਣੋਗੇ?

*“ਕਈਆਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਲਿਸਟ ਉੱਤੇ ਜਿੰਨੇ ਜ਼ਿਆਦਾ ‘ਫਰੈਂਡ’ ਹੋਣਗੇ, ਉੱਨਾ ਹੀ ਚੰਗਾ ਹੋਵੇਗਾ। ਉਹ ਉਨ੍ਹਾਂ ਲੋਕਾਂ ਨੂੰ ਵੀ ਆਪਣੀ ਲਿਸਟ ਵਿਚ ਸ਼ਾਮਲ ਕਰ ਲੈਂਦੇ ਹਨ ਜਿਨ੍ਹਾਂ ਨੂੰ ਉਹ ਜਾਣਦੇ ਵੀ ਨਹੀਂ।”—ਨਾਈਸ਼ਾ, 16.*

*“ਸੋਸ਼ਲ ਨੈੱਟਵਰਕ ਰਾਹੀਂ ਤੁਸੀਂ ਪੁਰਾਣੇ ਦੋਸਤਾਂ-ਮਿੱਤਰਾਂ ਨਾਲ ਦੁਬਾਰਾ ਸੰਪਰਕ ਕਾਇਮ ਕਰ ਸਕਦੇ ਹੋ। ਪਰ ਕਦੇ-ਕਦੇ ਚੰਗਾ ਹੁੰਦਾ ਹੈ ਜੇ ਤੁਸੀਂ ਉਨ੍ਹਾਂ ਲੋਕਾਂ ਨੂੰ ਭੁੱਲ ਜਾਓ।”—ਪੂਜਾ, 25.*


## ਤੁਸੀਂ ਕੀ ਕਰ ਸਕਦੇ ਹੋ

**ਸੁਝਾਅ: ਚੈੱਕ ਕਰੋ ਤੇ ਕੱਟ ਦਿਓ।** ਆਪਣੇ ਦੋਸਤਾਂ ਦੀ ਲਿਸਟ ਨੂੰ ਦੁਬਾਰਾ ਚੈੱਕ ਕਰੋ ਅਤੇ ਜ਼ਰੂਰੀ ਤਬਦੀਲੀਆਂ ਕਰੋ। ਹਰ ਵਾਰ ਚੈੱਕ ਕਰਦਿਆਂ ਆਪਣੇ ਆਪ ਤੋਂ ਪੁੱਛੋ:

1. ‘ਮੈਂ ਇਸ ਇਨਸਾਨ ਦੀ ਅਸਲੀਅਤ ਨੂੰ ਕਿੰਨੀ ਕੁ ਚੰਗੀ ਤਰ੍ਹਾਂ ਜਾਣਦਾ ਹਾਂ?’
2. ‘ਇਹ ਇਨਸਾਨ ਕਿਹੋ ਜਿਹੀਆਂ ਗੱਲਾਂ ਅਤੇ ਫੋਟੋਆਂ ਪੋਸਟ ਕਰਦਾ ਹੈ?’
3. ‘ਕੀ ਉਸ ਨਾਲ ਦੋਸਤੀ ਕਰ ਕੇ ਮੇਰੀ ਜ਼ਿੰਦਗੀ ’ਤੇ ਚੰਗਾ ਅਸਰ ਪਵੇਗਾ?’

*“ਹਰ ਮਹੀਨੇ ਮੈਂ ਆਪਣੀ ‘ਫਰੈਂਡਜ਼ ਲਿਸਟ’ ਨੂੰ ਚੈੱਕ ਕਰ ਲੈਂਦੀ ਹਾਂ। ਜੇ ਲਿਸਟ ਉੱਤੇ ਕਿਸੇ ਅਜਿਹੇ ਵਿਅਕਤੀ ਦਾ ਨਾਂ ਆਉਂਦਾ ਹੈ ਜਿਸ ਕਾਰਨ ਮੈਂ ਪਰੇਸ਼ਾਨ ਹੋ ਜਾਂਦੀ ਹਾਂ ਜਾਂ ਜਿਸ ਨੂੰ ਮੈਂ ਚੰਗੀ ਤਰ੍ਹਾਂ ਨਹੀਂ ਜਾਣਦੀ, ਉਸ ਦਾ ਨਾਂ ਮੈਂ ਲਿਸਟ ਵਿੱਚੋਂ ਕੱਟ ਦਿੰਦੀ ਹਾਂ।”—ਅਰਪਣਾ, 17.*

**ਸੁਝਾਅ: ‘ਫਰੈਂਡਿੰਗ ਪਾਲਸੀ’ ਬਣਾਓ।** ਜਿਸ ਤਰ੍ਹਾਂ ਤੁਸੀਂ ਆਹਮੋ-ਸਾਮ੍ਹਣੇ ਇਕ-ਦੂਜੇ ਨੂੰ ਦੇਖ ਕੇ ਦੋਸਤ ਚੁਣਦੇ ਹੋ, ਉਸੇ ਤਰ੍ਹਾਂ ਤੁਹਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਤੁਸੀਂ ਕਿਨ੍ਹਾਂ ਨੂੰ ‘ਦੋਸਤ’ ਬਣਨ ਦਾ ਸੱਦਾ ਦਿਓਗੇ ਜਾਂ ਕਿਨ੍ਹਾਂ ਨੂੰ ਦੋਸਤਾਂ ਵਜੋਂ ਕਬੂਲ ਕਰੋਗੇ। (1 ਕੁਰਿੰਥੀਆਂ 15:33) ਮਿਸਾਲ ਲਈ, ਕੋਮਲ ਨਾਂ ਦੀ ਮੁਟਿਆਰ ਕਹਿੰਦੀ ਹੈ: “ਮੇਰੀ ਪਾਲਸੀ ਹੈ ਕਿ ਜੇ ਮੈਂ ਤੁਹਾਨੂੰ ਨਹੀਂ ਜਾਣਦੀ, ਤਾਂ ਮੈਂ ਤੁਹਾਨੂੰ ‘ਦੋਸਤ’ ਜਾਂ ਸਹੇਲੀ ਵਜੋਂ ਕਬੂਲ ਨਹੀਂ ਕਰਾਂਗੀ। ਜੇ ਤੁਹਾਡੇ ਪੇਜ ’ਤੇ ਮੈਨੂੰ ਕੁਝ ਚੰਗਾ ਨਾ ਲੱਗਾ, ਤਾਂ ਮੈਂ ਤੁਹਾਨੂੰ ਆਪਣੇ ‘ਦੋਸਤਾਂ ਦੀ ਲਿਸਟ’ ਵਿੱਚੋਂ ਕੱਢ ਦੇਵਾਂਗੀ ਅਤੇ ਤੁਹਾਡੇ ਸੱਦੇ ਨੂੰ ਫਿਰ ਤੋਂ ਕਬੂਲ ਨਹੀਂ ਕਰਾਂਗੀ।” ਹੋਰਨਾਂ ਨੇ ਵੀ ਇਸੇ ਤਰ੍ਹਾਂ ਕੀਤਾ ਹੈ।



*ਕੀ ਤੁਸੀਂ ਕਿਸੇ ਅਜਨਬੀ ਨੂੰ ਆਪਣੀ ਗੱਡੀ ਵਿਚ ਬਿਠਾਓਗੇ? ਤਾਂ ਫਿਰ, ਤੁਸੀਂ ਇੰਟਰਨੈੱਟ ’ਤੇ ਇਕ ਅਜਨਬੀ ਨੂੰ ਆਪਣੇ ਦੋਸਤ ਵਜੋਂ ਕਿਵੇਂ ਕਬੂਲ ਕਰ ਸਕਦੇ ਹੋ?*

*“ਮੈਂ ਹਰ ਕਿਸੇ ਨੂੰ ‘ਦੋਸਤ’ ਜਾਂ ਸਹੇਲੀ ਵਜੋਂ ਕਬੂਲ ਨਹੀਂ ਕਰਦੀ। ਇੱਦਾਂ ਕਰਨਾ ਖ਼ਤਰਨਾਕ ਹੋ ਸਕਦਾ ਹੈ।”—ਸੁਸ਼ਮਿਤਾ, 21.*

*“ਮੇਰੇ ਸਕੂਲ ਦੇ ਪੁਰਾਣੇ ਦੋਸਤਾਂ ਨੇ ਮੈਨੂੰ ਨੈੱਟਵਰਕ ਉੱਤੇ ਸੱਦਾ ਦਿੱਤਾ ਕਿ ਮੈਂ ਉਨ੍ਹਾਂ ਦਾ ਦੋਸਤ ਬਣਾਂ। ਪਰ ਸਕੂਲ ਹੁੰਦਿਆਂ ਮੈਂ ਉਨ੍ਹਾਂ ਤੋਂ ਦੂਰ ਹੀ ਰਹਿੰਦਾ ਸੀ, ਤਾਂ ਫਿਰ ਮੈਂ ਉਨ੍ਹਾਂ ਨਾਲ ਹੁਣ ਦੋਸਤੀ ਕਿਉਂ ਪਾਵਾਂ?”—ਸਮੀਰ, 21.*

ਹੇਠਾਂ ਲਿਖੋ ਕਿ ਤੁਹਾਡੀ ‘ਫਰੈਂਡਿੰਗ ਪਾਲਸੀ’ ਕੀ ਹੋਵੇਗੀ?

..................................................

..................................................

..................................................

(g11-E 08)

---

**“ਨੌਜਵਾਨ ਪੁੱਛਦੇ ਹਨ” ਲੇਖਾਂ ਦੀ ਲੜੀ ਦੇ ਹੋਰ ਲੇਖ ਇਸ ਵੈੱਬ-ਸਾਈਟ ’ਤੇ ਦਿੱਤੇ ਗਏ ਹਨ: www.watchtower.org/ype**

### ਕਿਉਂ ਨਾ ਆਪਣੇ ਮਾਤਾ-ਪਿਤਾ ਨੂੰ ਪੁੱਛੋ?

ਇਸ ਲੇਖ ਅਤੇ ਪਿਛਲੇ ਲੇਖ ਨੂੰ ਆਪਣੇ ਮਾਤਾ-ਪਿਤਾ ਨਾਲ ਇਕੱਠਿਆਂ ਪੜ੍ਹੋ। ਉਨ੍ਹਾਂ ਨਾਲ ਗੱਲ ਕਰੋ ਕਿ ਤੁਹਾਡੇ ਇੰਟਰਨੈੱਟ ਵਰਤਣ ਨਾਲ (1) ਤੁਹਾਡੀ ਪ੍ਰਾਈਵੇਸੀ, (2) ਤੁਹਾਡੇ ਸਮੇਂ, (3) ਤੁਹਾਡੀ ਨੇਕਨਾਮੀ ਅਤੇ (4) ਦੋਸਤਾਂ ਦੀ ਚੋਣ ਉੱਤੇ ਕਿਹੋ ਜਿਹਾ ਅਸਰ ਪੈ ਰਿਹਾ ਹੈ।



JATTSITE.COM

ਤੁਹਾਡੇ ਬੱਚਿਆਂ ਨੂੰ ਇੰਟਰਨੈੱਟ ਬਾਰੇ ਸ਼ਾਇਦ ਤੁਹਾਡੇ ਨਾਲੋਂ ਜ਼ਿਆਦਾ ਪਤਾ ਹੋਵੇ, ਪਰ ਤੁਸੀਂ ਉਨ੍ਹਾਂ ਨਾਲੋਂ ਜ਼ਿਆਦਾ ਸਮਝਦਾਰ ਹੋ। (ਕਹਾਉਤਾਂ 1:4; 2:1-6) ਇਹ ਗੱਲ ਇੰਟਰਨੈੱਟ-ਸੁਰੱਖਿਆ ਮਾਹਰ ਪੈਰੀ ਆਫਤਾਬ ਦੀ ਕਹੀ ਗੱਲ ਨਾਲ ਮੇਲ ਖਾਂਦੀ ਹੈ: "ਬੱਚਿਆਂ ਨੂੰ ਤਕਨਾਲੋਜੀ ਬਾਰੇ ਜ਼ਿਆਦਾ ਪਤਾ ਹੁੰਦਾ ਹੈ, ਪਰ ਮਾਤਾ-ਪਿਤਾ ਨੂੰ ਜ਼ਿੰਦਗੀ ਦਾ ਜ਼ਿਆਦਾ ਤਜਰਬਾ ਹੁੰਦਾ ਹੈ।"

ਹਾਲ ਦੇ ਹੀ ਸਾਲਾਂ ਵਿਚ ਸੋਸ਼ਲ ਨੈੱਟਵਰਕ ਬਹੁਤ ਹੀ ਮਸ਼ਹੂਰ ਹੋ ਗਿਆ ਹੈ। ਕੀ ਤੁਹਾਡਾ ਅੱਲ੍ਹੜ ਉਮਰ ਦਾ ਬੱਚਾ ਸੋਸ਼ਲ ਨੈੱਟਵਰਕ ਦੀ ਵਰਤੋਂ ਕਰਨ ਵਿਚ ਸਮਝਦਾਰੀ ਵਰਤੇਗਾ? ਇਹ ਫ਼ੈਸਲਾ ਤੁਸੀਂ ਕਰਨਾ ਹੈ। ਜਿਵੇਂ ਗੱਡੀ ਚਲਾਉਣ, ਬੈਂਕ ਅਕਾਊਂਟ ਖੋਲ੍ਹਣ ਜਾਂ ਕ੍ਰੈਡਿਟ ਕਾਰਡ ਵਰਤਣ ਦੇ ਖ਼ਤਰੇ ਹੋ ਸਕਦੇ ਹਨ, ਉਸੇ ਤਰ੍ਹਾਂ ਸੋਸ਼ਲ ਨੈੱਟਵਰਕ ਵਰਤਣ ਦੇ ਖ਼ਤਰੇ ਵੀ ਹੋ ਸਕਦੇ ਹਨ। ਇਨ੍ਹਾਂ ਵਿੱਚੋਂ ਕੁਝ ਖ਼ਤਰੇ ਕਿਹੜੇ ਹਨ?

**ਪ੍ਰਾਈਵੇਸੀ:** ਕਈ ਨੌਜਵਾਨ ਸਮਝਦੇ ਨਹੀਂ ਕਿ ਇੰਟਰਨੈੱਟ 'ਤੇ ਬਹੁਤ ਜ਼ਿਆਦਾ ਨਿੱਜੀ ਜਾਣਕਾਰੀ ਪਾਉਣ ਦੇ ਕਿਹੜੇ ਖ਼ਤਰੇ ਹੋ ਸਕਦੇ ਹਨ। ਜਦੋਂ ਉਹ ਦੂਜਿਆਂ ਨੂੰ ਦੱਸਦੇ ਹਨ ਕਿ ਉਹ ਕਿੱਥੇ ਰਹਿੰਦੇ ਹਨ, ਕਿਹੜੇ ਸਕੂਲ ਜਾਂਦੇ ਹਨ, ਉਹ ਕਦੋਂ ਘਰ ਹੁੰਦੇ ਹਨ ਜਾਂ ਕਦੋਂ ਘਰ ਨਹੀਂ ਹੁੰਦੇ, ਤਾਂ ਇਸ ਨਾਲ ਪੂਰੇ ਪਰਿਵਾਰ ਦੀ ਸੁਰੱਖਿਆ ਖ਼ਤਰੇ ਵਿਚ ਪੈ ਸਕਦੀ ਹੈ।

***ਤੁਸੀਂ ਕੀ ਕਰ ਸਕਦੇ ਹੋ:*** ਜਦੋਂ ਤੁਹਾਡੇ ਬੱਚੇ ਛੋਟੇ ਹੁੰਦੇ ਸੀ, ਤਾਂ ਤੁਸੀਂ ਉਨ੍ਹਾਂ ਨੂੰ ਸਿਖਾਇਆ ਸੀ ਕਿ ਉਹ ਦੋਵੇਂ ਪਾਸੇ ਦੇਖ ਕੇ ਸੜਕ ਪਾਰ ਕਰਨ। ਹੁਣ ਉਹ ਵੱਡੇ ਹੋ ਗਏ ਹਨ, ਇਸ ਲਈ ਉਨ੍ਹਾਂ ਨੂੰ ਸਿਖਾਓ ਕਿ ਇੰਟਰਨੈੱਟ ਸਾਵਧਾਨੀ ਨਾਲ ਕਿਵੇਂ ਵਰਤਣਾ ਹੈ। ਪਿਛਲੇ "ਨੌਜਵਾਨ ਪੁੱਛਦੇ ਹਨ" ਲੇਖ ਵਿਚ ਪ੍ਰਾਈਵੇਸੀ ਬਾਰੇ ਦੱਸੀਆਂ ਗੱਲਾਂ ਪੜ੍ਹੋ। ਇਸ ਦੇ ਨਾਲ-ਨਾਲ ਜਨਵਰੀ-ਮਾਰਚ 2009 ਦੇ *ਜਾਗਰੂਕ ਬਣੋ!* ਦੇ ਸਫ਼ੇ 12-17 ਦੇਖੋ। ਇਸ ਤੋਂ ਬਾਅਦ ਆਪਣੇ ਨੌਜਵਾਨ ਬੱਚੇ ਨਾਲ ਇਸ ਲੇਖ ਬਾਰੇ ਗੱਲ ਕਰੋ। ਇੰਟਰਨੈੱਟ ਨੂੰ ਧਿਆਨ ਨਾਲ ਵਰਤਣ ਲਈ ਆਪਣੇ ਬੱਚਿਆਂ ਵਿਚ 'ਬੁੱਧ ਤੇ ਸੂਝ' ਪੈਦਾ ਕਰਨ ਦੀ ਕੋਸ਼ਿਸ਼ ਕਰੋ। —ਕਹਾਉਤਾਂ 3:21, *CL*.

**ਸਮਾਂ:** ਤੁਹਾਨੂੰ ਸੋਸ਼ਲ ਨੈੱਟਵਰਕਿੰਗ ਵਰਤਣ ਦੀ ਲਤ ਲੱਗ ਸਕਦੀ ਹੈ। 23 ਸਾਲਾਂ ਦਾ ਰਿੱਕੀ ਕਹਿੰਦਾ ਹੈ: "ਅਕਾਊਂਟ ਖੋਲ੍ਹਣ ਤੋਂ ਥੋੜ੍ਹੇ ਹੀ ਦਿਨਾਂ ਬਾਅਦ, ਮੈਂ ਸੋਸ਼ਲ ਨੈੱਟਵਰਕ ਦਾ ਆਦੀ ਹੋ ਗਿਆ। ਮੈਂ ਘੰਟਿਆਂ-ਬੱਧੀ ਫੋਟੋਆਂ ਅਤੇ ਪੋਸਟਾਂ ਨੂੰ ਦੇਖਦਾ ਰਹਿੰਦਾ ਸੀ।"

***ਤੁਸੀਂ ਕੀ ਕਰ ਸਕਦੇ ਹੋ:*** ਆਪਣੇ ਬੱਚਿਆਂ ਨਾਲ ਅਪ੍ਰੈਲ-ਜੂਨ 2011 ਦੇ *ਜਾਗਰੂਕ ਬਣੋ!* ਵਿਚ "ਨੌਜਵਾਨ ਪੁੱਛਦੇ ਹਨ . . . ਕੀ ਮੈਂ ਤਕਨਾਲੋਜੀ ਦੇ ਜਾਲ ਵਿਚ ਫਸਿਆ ਹੋਇਆ ਹਾਂ?" ਨਾਂ ਦਾ ਲੇਖ ਪੜ੍ਹੋ ਅਤੇ ਇਸ ਬਾਰੇ ਗੱਲਬਾਤ ਕਰੋ। ਸਫ਼ਾ 18 ਉੱਤੇ "ਮੈਂ ਆਨ-ਲਾਈਨ ਸੋਸ਼ਲ ਨੈੱਟਵਰਕ ਦੀ ਸ਼ਿਕਾਰ ਬਣੀ" ਨਾਂ ਦੀ ਡੱਬੀ ਉੱਤੇ ਖ਼ਾਸ ਧਿਆਨ ਦਿਓ। ਆਪਣੇ ਬੱਚੇ ਨੂੰ 'ਸੰਜਮ ਰੱਖਣ' ਅਤੇ ਇੰਟਰਨੈੱਟ ਨੂੰ ਉੱਨੇ ਸਮੇਂ ਲਈ ਵਰਤਣ ਵਿਚ ਮਦਦ ਕਰੋ ਜਿੰਨਾ ਸਮਾਂ ਤੈਅ ਕੀਤਾ ਹੈ। (1 ਤਿਮੋਥਿਉਸ 3:2) ਉਸ ਨੂੰ ਯਾਦ ਕਰਾਓ ਕਿ ਇੰਟਰਨੈੱਟ ਤੋਂ ਇਲਾਵਾ ਜ਼ਿੰਦਗੀ ਵਿਚ ਹੋਰ ਵੀ ਜ਼ਰੂਰੀ ਗੱਲਾਂ ਹਨ!

**ਨੇਕਨਾਮੀ:** ਇਕ ਬਾਈਬਲ ਦੀ ਕਹਾਵਤ ਅਨੁਸਾਰ "ਬੱਚਾ ਵੀ ਆਪਣੇ ਕਰਤੱਬਾਂ ਤੋਂ ਸਿਆਣੀਦਾ ਹੈ।" (ਕਹਾਉਤਾਂ 20:11) ਇਹ ਗੱਲ ਇੰਟਰਨੈੱਟ ਵਰਤਣ ਦੇ ਸੰਬੰਧ ਵਿਚ ਵੀ ਸੱਚ ਹੈ! ਇਸ ਤੋਂ ਇਲਾਵਾ, ਸੋਸ਼ਲ ਨੈੱਟਵਰਕ 'ਤੇ ਪਾਈ ਜਾਣਕਾਰੀ ਨੂੰ ਕੋਈ ਵੀ ਦੇਖ ਸਕਦਾ ਹੈ। ਜੋ ਵੀ ਤੁਹਾਡੇ ਬੱਚੇ ਇੰਟਰਨੈੱਟ 'ਤੇ ਪਾਉਂਦੇ ਹਨ, ਉਸ ਨਾਲ ਨਾ ਸਿਰਫ਼ ਤੁਹਾਡੇ ਬੱਚੇ ਦੀ, ਬਲਕਿ ਤੁਹਾਡੇ ਸਾਰੇ ਪਰਿਵਾਰ ਦੀ ਨੇਕਨਾਮੀ ਖ਼ਤਰੇ ਵਿਚ ਪੈ ਸਕਦੀ ਹੈ।

***ਤੁਸੀਂ ਕੀ ਕਰ ਸਕਦੇ ਹੋ:*** ਨੌਜਵਾਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਜੋ ਵੀ ਇੰਟਰਨੈੱਟ 'ਤੇ ਪਾਉਂਦੇ ਹਨ, ਉਸ ਤੋਂ ਲੋਕਾਂ ਨੂੰ ਪਤਾ ਲੱਗਦਾ ਹੈ ਕਿ ਉਹ ਕਿਹੋ ਜਿਹੇ ਹਨ। ਉਨ੍ਹਾਂ ਨੂੰ ਸਮਝਣ ਦੀ ਲੋੜ ਹੈ ਕਿ ਇੰਟਰਨੈੱਟ 'ਤੇ ਜੋ ਵੀ ਪੋਸਟ ਕੀਤਾ ਜਾਂਦਾ ਹੈ, ਉਸ ਦੀ ਹਮੇਸ਼ਾ ਕਿਤੇ ਨਾ ਕਿਤੇ ਇਕ ਕਾਪੀ ਹੁੰਦੀ ਹੈ। ਗਵੇਨ ਸ਼ੋਰਗਨ ਓਕੀਫ ਨੇ *ਸਾਈਬਰਸੇਫ* ਨਾਂ ਦੀ ਆਪਣੀ ਕਿਤਾਬ ਵਿਚ ਕਿਹਾ: "ਇਹ ਗੱਲ ਨੌਜਵਾਨਾਂ ਨੂੰ ਸ਼ਾਇਦ ਸਮਝਣੀ ਔਖੀ ਲੱਗੇ ਕਿ ਜੋ ਉਹ ਇੰਟਰਨੈੱਟ 'ਤੇ ਲਿਖਦੇ ਹਨ, ਉਸ ਦੀ ਹਮੇਸ਼ਾ ਇਕ ਕਾਪੀ ਹੁੰਦੀ ਹੈ। ਪਰ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਹੋਣਾ ਬਹੁਤ ਜ਼ਰੂਰੀ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਜਿਹੜੀ ਗੱਲ ਉਹ ਕਿਸੇ ਨੂੰ ਆਹਮੋ-ਸਾਮ੍ਹਣੇ ਨਹੀਂ ਕਹਿਣੀ ਚਾਹੁੰਦੇ, ਉਹ ਗੱਲ ਉਨ੍ਹਾਂ ਨੂੰ ਇੰਟਰਨੈੱਟ 'ਤੇ ਵੀ ਨਹੀਂ ਪਾਉਣੀ ਚਾਹੀਦੀ।"

**ਦੋਸਤੀ:** 23 ਸਾਲਾਂ ਦੀ ਤਾਨੀਆ ਕਹਿੰਦੀ ਹੈ: "ਬਹੁਤ ਸਾਰੇ ਨੌਜਵਾਨ ਚਾਹੁੰਦੇ ਹਨ ਕਿ ਉਨ੍ਹਾਂ ਦੇ ਬਹੁਤ ਦੋਸਤ ਹੋਣ। ਇਸ ਲਈ ਉਹ ਕਿਸੇ ਵੀ ਅਜਨਬੀ ਨੂੰ ਆਪਣਾ 'ਫ੍ਰੈਂਡ' ਬਣਾ ਲੈਂਦੇ ਹਨ, ਉਸ ਨੂੰ ਵੀ ਜਿਸ ਦੀਆਂ ਕੋਈ ਕਦਰਾਂ-ਕੀਮਤਾਂ ਨਾ ਹੋਣ।"

***ਤੁਸੀਂ ਕੀ ਕਰ ਸਕਦੇ ਹੋ:*** ਆਪਣੇ ਧੀ-ਪੁੱਤ ਦੀ 'ਫ੍ਰੈਂਡਿੰਗ ਪਾਲਿਸੀ' ਬਣਾਉਣ ਵਿਚ ਮਦਦ ਕਰੋ। ਮਿਸਾਲ ਲਈ, 22 ਸਾਲ ਦੀ ਅਲੀਸ਼ਾ ਆਮ ਤੌਰ ਤੇ ਆਪਣੇ ਦੋਸਤਾਂ ਦੇ ਦੋਸਤਾਂ ਨੂੰ ਆਪਣੀ ਫਰੈਂਡਾਂ ਦੀ ਲਿਸਟ ਵਿਚ ਸ਼ਾਮਲ ਨਹੀਂ ਕਰਦੀ। ਉਹ ਕਹਿੰਦੀ ਹੈ: "ਜੇ ਮੈਂ ਤੁਹਾਨੂੰ ਜਾਣਦੀ ਨਹੀਂ ਜਾਂ ਕਦੇ ਮਿਲੀ ਨਹੀਂ, ਤਾਂ ਮੈਂ ਤੁਹਾਨੂੰ ਆਪਣੇ ਦੋਸਤਾਂ ਦੀ ਲਿਸਟ ਵਿਚ ਨਹੀਂ ਪਾਵਾਂਗੀ ਭਾਵੇਂ ਕਿ ਤੁਸੀਂ ਮੇਰੇ ਦੋਸਤਾਂ ਦੇ ਦੋਸਤ ਹੋ।"

ਰਨਵੀਰ ਅਤੇ ਸੁਸ਼ੀਲ ਨਾਂ ਦੇ ਮਾਤਾ-ਪਿਤਾ ਨੇ ਆਪਣਾ ਸੋਸ਼ਲ ਨੈੱਟਵਰਕ ਅਕਾਊਂਟ ਖੋਲ੍ਹਿਆ ਹੈ ਤਾਂਕਿ ਉਹ ਆਪਣੀ ਕੁੜੀ ਅਤੇ ਉਸ ਦੇ ਦੋਸਤਾਂ ਦੇ ਪੋਸਟਾਂ ਨੂੰ ਦੇਖ ਸਕਣ। ਸੁਸ਼ੀਲ ਨੇ ਕਿਹਾ: "ਅਸੀਂ ਆਪਣੀ ਧੀ ਨੂੰ ਕਿਹਾ ਕਿ ਉਹ ਸਾਨੂੰ ਆਪਣੇ ਦੋਸਤਾਂ ਦੀ ਲਿਸਟ ਵਿਚ ਸ਼ਾਮਲ ਕਰੇ। ਜਦੋਂ ਉਹ ਆਨ-ਲਾਈਨ ਹੁੰਦੀ ਹੈ, ਤਾਂ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਉਸ ਦੇ ਦੋਸਤ ਸਾਡੇ ਘਰ ਬੈਠੇ ਹੋਣ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਉਸ ਦੇ ਦੋਸਤ ਕੌਣ ਹਨ।"

JATTSITE.COM